# ਪ੍ਰਭੁ ਅਬਿਨਾਸੀ

ਸੰਪਾਦਕ
ਤਾਰਾ ਸਿੰਘ ਕਾਮਲ

Namdhari Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

# ਪ੍ਰਭੂ ਅਬਿਨਾਸੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਪ੍ਰਭੁ ਅਬਿਨਾਸੀ

ਸੰਪਾਦਕ

ਤਾਰਾ ਸਿੰਘ ਕਾਮਲ

ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12, ਪੰਡਿਤ ਪੰਤ ਮਾਰਗ, ਨਵੀਂ ਦਿੱਲੀ-110001

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਦੇਸ਼

ਆਪਣੇ ਇਸ਼ਟ ਨੂੰ ਸ਼ਰਧਾਂਜਲੀ ਭੇਂਟ ਕਰਨ ਦੇ ਸੰਸਾਰ ਵਿਚ ਅਨੇਕਾਂ ਢੰਗ ਪ੍ਰਚਲਤ ਹਨ। ਇਹਨਾਂ ਵਿਚ ਕਾਵਿ ਦੁਆਰਾ ਵੀ ਇਸ਼ਟ ਪੂਜਾ ਕੀਤੀ ਜਾਂਦੀ ਹੈ।

"ਪ੍ਰਭੁ ਅਬਿਨਾਸੀ" ਨਾਮ ਦੀ ਇਹ ਕਾਵਿ-ਸ਼ਰਧਾਂਜਲੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸ਼ੁਭ ਵਚਨਾਂ, ਘਟਨਾਵਾਂ, ਤੇ ਉਹਨਾਂ ਦੇ ਪੂਰਨਿਆਂ ਦਾ ਜੱਸ-ਗਾਇਨ ਹੈ। ਸ੍ਰੀ ਸਤਿਗੁਰੂ ਜੀ ਦਾ ਬਚਨ ਸੀ "ਨਾਮ ਜਪੋ, ਨਾਮ ਜਪ ਕੇ ਆਤਮਾ ਬਲਵਾਨ ਹੁੰਦੀ ਹੈ। ਸੇਵਾ ਕਰੋ, ਸੇਵਾ ਕਰਕੇ ਮਨ ਵਿਚੋਂ ਹਉਮੇ ਜਾਂਦੀ ਹੈ, ਸੁਖ ਪ੍ਰਾਪਤ ਹੁੰਦਾ ਹੈ :—

ਸੁਖ ਸੇਵਾ ਅੰਦਰਿ ਰਖਿਐ ਆਪਨੀ ਨਦਰਿ ਕਰਹਿ ਨਿਸਤਾਰ ਜੀਉ ॥"

ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹਨਾਂ ਹੀ ਸ਼ੁਭ ਵਚਨਾਂ ਦਾ ਉਲੇਖ ਕੀਤਾ ਹੈ। ਇਸ ਪੁਸਤਕ ਨਾਲ ਨਾਮਧਾਰੀ ਸਾਹਿਤ ਪ੍ਰਕਾਸ਼ਨ ਦੀ ਲੜੀ ਅੱਗੇ ਤੁਰੀ ਹੈ। ਇਸ ਤੋਂ ਪਹਿਲਾਂ ਵੀ ਅਨੇਕ ਪੁਸਤਕਾਂ ਪ੍ਰਕਾਸ਼ਤ ਹੋਈਆਂ ਹਨ। ਦੂਜੀਆਂ ਭਾਸ਼ਾਵਾਂ ਵਿਚ ਵੀ ਇਹ ਲੜੀ ਜਾਰੀ ਰਹੇਗੀ। ਇਹਨਾਂ ਦੇ ਪਾਠ ਨਾਲ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਰਾਣੀ ਮਾਤਰ ਦੇ ਕਲਿਆਣ ਤੇ ਆਤਮਿਕ ਸ਼ਕਤੀ ਲਈ ਦਰਸਾਏ ਰਾਹ ਤੇ ਚੱਲ ਕੇ ਮੁਕਤੀ ਪ੍ਰਾਪਤ ਹੁੰਦੀ ਹੈ :

"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ" ॥

Namdhari Elibrary NamdhariElibrary@gmail.com

© ਨਾਮਧਾਰੀ ਦਰਬਾਰ

ਪਹਿਲੀ ਵਾਰ : 1991

ਮੁੱਲ : 60 ਰੁਪਏ

ਰੂਪਕਾਰ : ਨਿਰੰਜਨ ਸਿੰਘ ਜਯੋਤੀ

ਛਾਪਕ : ਜਨਤਕ ਪ੍ਰੈੱਸ
159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

ਪ੍ਰਕਾਸ਼ਕ : ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12, ਪੰਡਿਤ ਪੰਤ ਮਾਰਗ, ਨਵੀਂ ਦਿੱਲੀ-110001

**PRABH ABINASI (Poetry)**
**Edited by Tara Singh Kamil**

Namdhari Elibrary NamdhariElibrary@gmail.com

# ਦੋ ਸ਼ਬਦ

ਸਤਿਗੁਰੂ ਜੀ ਦੀ ਬਖਸ਼ਿਸ਼ ਹੋਵੇ ਤਾਂ ਗੁੰਗਿਆਂ ਨੂੰ ਵੀ ਬੋਲਣ-ਸ਼ਕਤੀ ਤੇ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਰਸਵਤੀ-ਦਾਨ ਸਤਿਗੁਰੂ ਜੀ ਦੀ ਮਿਹਰ ਸਦਕਾ ਹੀ ਹੈ। ਜਦੋਂ ਵਰੋਸਾਏ ਹੋਏ ਕਵੀਆਂ ਦੀਆਂ ਰਚਨਾਵਾਂ ਪੜ੍ਹੀਏ ਜਾਂ ਸੁਣੀਏਂ ਤਾਂ ਮਨ ਉਤੇ ਜਾਦੂਈ ਅਸਰ ਹੁੰਦਾ ਹੈ। ਸਤਿਗੁਰੂ ਜੀ ਅੱਗੇ ਸਿਰ ਝੁਕ ਜਾਂਦਾ ਹੈ। ਸਤਿਗੁਰੂ ਜੀ ਅਜਰ, ਅਮਰ ਤੇ ਅਬਿਨਾਸੀ ਹਨ। ਉਹਨਾਂ ਤੋਂ ਉਪਰ ਹੋਰ ਕੁਝ ਨਹੀਂ ਹੈ।

ਮੈਂ ਕਾਵਿ-ਖੇਤਰ ਦਾ ਵਿਦਵਾਨ ਨਹੀਂ। ਪਰੰਤੂ ਕਾਵਿ-ਰਸ ਦੀ ਜਗਿਆਸਾ ਤਾਂ ਹਰ ਪ੍ਰਾਣੀ ਵਿਚ ਹੁੰਦੀ ਹੈ, ਤੇ ਜੇਕਰ ਰਚਨਾਵਾਂ ਆਪਣੇ ਇਸ਼ਟ ਦੀ ਮਹਿਮਾ ਕਰਦੀਆਂ ਹੋਣ ਤਾਂ ਖੀਵੇ ਹੋ ਜਾਣਾ ਆਵੱਸ਼ਕ ਹੈ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਪ੍ਰਤੀ ਪੁਸਤਕ-ਰੂਪ ਇਸ ਕਾਵਿ-ਸ਼ਰਧਾਂਜਲੀ ਵਿਚ ਕਵੀਆਂ ਨੇ ਸਾਧ ਸੰਗਤ ਦੀਆਂ ਭਾਵਨਾਵਾਂ ਹੀ ਅੰਕਤ ਕੀਤੀਆਂ ਹਨ। ਸਤਿਗੁਰੂ ਜੀ ਦੇ ਉਪਕਾਰ ਨਾ ਤਾਂ ਵਿਸਾਰੇ ਜਾ ਸਕਦੇ ਹਨ, ਨਾ ਹੀ ਜਨਮਾਂ ਜਨਮਾਂਤ੍ਰਾਂ ਤਕ ਉਹਨਾਂ ਦਾ ਰਿਣ ਉਤਾਰਿਆ ਜਾ ਸਕਦਾ ਹੈ—ਕੇਵਲ ਜੱਸ-ਗਾਇਨ ਹੀ ਕੀਤਾ ਜਾ ਸਕਦਾ ਹੈ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਵਲੋਂ ਪ੍ਰਕਾਸ਼ਤ ਪੁਸਤਕਾਂ ਦੀ ਲੜੀ ਵਿਚ ਪਹਿਲੀ ਕਾਵਿ-ਪੁਸਤਕ ਪਾਠਕਾਂ ਨੂੰ ਭੇਂਟ ਕਰਨ ਸਮੇਂ ਆਸ ਰਖਦਾ ਹਾਂ ਕਿ ਇਸਦਾ ਪਹਿਲੀਆਂ ਪੁਸਤਕਾਂ ਵਾਂਗ ਹੀ ਭਰਪੂਰ ਸਵਾਗਤ ਕੀਤਾ ਜਾਵੇਗਾ।

—ਹਰਵਿੰਦਰ ਸਿੰਘ ਹੰਸਪਾਲ ਮੈਂਬਰ ਪਾਰਲੀਮੈਂਟ

ਪ੍ਰਧਾਨ
ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12-ਪੰਡਿਤ ਪੰਤ ਮਾਰਗ, ਨਵੀਂ ਦਿੱਲੀ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸੰਪਾਦਕ ਵਲੋਂ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਕਾਸ਼ ਜਦੋਂ ਹੋਇਆ, ਉਦੋਂ ਭਾਰਤੀ ਸਮਾਜ ਕਈ ਪੱਖਾਂ ਤੋਂ ਇਕ ਰਾਹਬਰ ਦੀ ਉਡੀਕ ਵਿਚ ਸਿੱਕ ਰਿਹਾ ਸੀ। ਧਾਰਮਿਕ ਪੱਖ ਤੋਂ, ਰਾਜਨੀਤਕ ਪੱਖ ਤੋਂ, ਇਕ ਸਰਵ-ਸਾਂਝੀ ਸ਼ਖਸੀਅਤ ਦੀ ਅਣਹੋਂਦ ਦੇ ਪੱਖ ਤੋਂ। ਇਕ ਹੋਰ ਪੱਖ ਵੀ ਸੀ, ਉਹ ਸੀ ਕੋਈ ਅਜਿਹੀ ਆਤਮਿਕ ਛੋਹ, ਜਿਸ ਨਾਲ ਨਿਰਾਸ਼ਾ ਦੀ ਖਾਈ ਵਿਚ ਡਿੱਗੇ ਹਿੰਦੀਆਂ ਦੇ ਮਨ ਆਤਮਾ ਨੂੰ ਬਲਵਾਨ ਬਣਾਇਆ ਜਾ ਸਕੇ। ਧਾਰਮਿਕ ਸੰਸਥਾਵਾਂ ਆਪਣਾ ਕਰਤਵਿਯ ਭੁੱਲ ਕੇ ਆਪਸੀ ਵਿਰੋਧ ਵਿਚ ਮਗਨ ਸਨ, ਅਤੇ ਰਾਜਨੀਤਕ ਸੰਸਥਾਵਾਂ ਆਪਣੇ ਅਸਲ ਵਿਰੋਧੀ ਨੂੰ ਭੁਲਾ ਕੇ ਇਕ ਦੂਜੀ ਨੂੰ ਨੀਵਾਂ ਦਰਸਾਉਣ ਵਿਚ ਜੁਟੀਆਂ ਹੋਈਆਂ ਸਨ।

ਅਜਿਹੇ ਸਮੇਂ ਵਿਚ ਮਾਤਾ ਜੀਵਨ ਕੌਰ ਦੀ ਸੁਲੱਖਣੀ ਕੁੱਖ ਨੇ ਇਕ ਅਜਿਹੇ ਨਾਇਕ ਨੂੰ ਸੰਸਾਰ ਤੇ ਪਰਗਟ ਕੀਤਾ, ਜਿਸਦੇ ਗਿਰਦ ਤਮਾਮ ਸਰਗਰਮੀਆਂ ਘੁੰਮਣ ਲਗੀਆਂ, ਤੇ ਉਹ ਹਰ ਪਰਕਾਰ ਭਾਰਤੀਆਂ ਦਾ ਕੇਂਦਰ ਬਿੰਦੂ ਬਣ ਗਿਆ। ਉੱਚਾ ਲੰਮਾ ਕੱਦ, ਦੂਰ ਤਕ ਦੇਖਣ ਵਾਲੇ ਗੰਭੀਰ ਨੇਤਰ, ਲੰਮੀਆਂ ਬਾਹਵਾਂ, ਤੇ ਧੁਰ ਅੰਦਰ ਦੀ ਜਾਣ ਲੈਣ ਵਾਲੀ ਸੋਚ-ਸ਼ਕਤੀ। ਸੱਚ ਮੁੱਚ ਹੀ ਪਰਤਾਪੀ ਚਿਹਰਾ, ਜਿਸਨੂੰ ਤਕ ਕੇ "ਧਿਰ" ਮਨਣ ਨੂੰ ਜੀ ਕਰਦਾ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਬਾਅਦ ਜਿਸ ਵਕਤ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਰੀਆਂ ਜ਼ੁੰਮੇਵਾਰੀਆਂ ਨਿਭਾਉਣ ਲਈ ਕਦਮ ਵਧਾਏ, ਤਾਂ ਹਰ ਖੇਤਰ ਵਿਚ ਸਫਲਤਾ ਨੇ ਅਗਾਹ ਵਧ ਕੇ ਆਪ ਦੇ ਕਦਮ ਚੁੰਮੇ। ਆਪ ਜੀ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਰੀਤ ਨੂੰ ਅਗਾਂਹ ਤੋਰਦਿਆਂ ਆਮ ਤੇ ਸਾਧਾਰਣ ਵਿਅਕਤੀਆਂ ਦੀ ਬਾਂਹ ਪਕੜੀ, ਤੇ ਨਿਰਾਸ਼ਾ ਦੇ ਖੱਡੇ ਵਿਚੋਂ ਉਬਾਰਿਆ। ਵਿਆਹ ਸ਼ਾਦੀਆ ਦੇ ਬੋਦੇ ਤੇ ਵਹਿਮ ਭਰੇ ਢੰਗ ਬਦਲ ਕੇ ਸਾਦੇ, ਤੇ ਬਿਨਾ ਖਰਚ, ਬਿਨਾ ਦਾਜ ਦੇਣ ਦੇ ਵਿਆਹਾ ਦਾ ਰਿਵਾਜ਼ ਚਾਲੂ ਕੀਤਾ। ਸਰੀਰਕ ਸ਼ਕਤੀ ਲਈ ਗਊ-ਧਨ ਦੀ ਸੇਵਾ ਸੰਭਾਲ ਵਲ ਲੋਕਾਂ ਨੂੰ ਪ੍ਰੇਰਿਆ ਹੀ ਨਹੀਂ, ਸਗੋਂ ਆਪ ਇਹ ਸੇਵਾ ਸੰਭਾਲ ਕਰਕੇ ਮਿਸਾਲ ਕਾਇਮ ਕੀਤੀ। ਧਾਰਮਿਕ ਸੰਸਥਾਵਾਂ ਨੂੰ ਇਕ ਮੰਚ ਤੇ ਇਕੱਤਰ ਕੀਤਾ, ਵਿਚਾਰ ਵਟਾਂਦਰੇ ਕਰਵਾਏ, ਤੇ ਰਾਜਸੀ ਪਾਰਟੀਆਂ ਨੂੰ ਅਸਲ ਨਿਸ਼ਾਨੇ ਦੀ ਪਛਾਣ ਕਰਨ ਤੇ ਉਸਦੀ ਪ੍ਰਾਪਤੀ ਲਈ ਪਰੇਰਨਾ ਦਿੱਤੀ। ਯਥਾ ਸ਼ਕਤ ਧਨ ਦਿੱਤਾ, ਮਿਲਵਰਤਨ ਦਿੱਤੀ, ਤੇ

Namdhari Elibrary NamdhariElibrary@gmail.com

ਦੂਰ-ਦ੍ਰਿਸ਼ਟੀ ਦਿੱਤੀ। ਆਪ ਦੀ ਰਸਨਾ ਵਿਚ ਸੱਚ ਸੀ, ਤੇ ਹਿਰਦੇ ਵਿਚ ਦੇਸ ਤੇ ਮਾਨਵ-ਪਿਆਰ ਦਾ ਉਮਾਹ। ਉਹ ਸੂਰਜ ਵਾਂਗ ਸਨ—ਆਪਣਾ ਨਿੱਘ ਦੇਣਾ, ਰੌਸ਼ਨੀ ਦੇਣੀ, ਤੇ ਹਨੇਰੇ ਹਿਰਦਿਆਂ ਨੂੰ ਜਗਮਗਾਉਣਾ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀਆਂ ਬਖਸ਼ਿਸ਼ਾਂ ਵਡੀਆਂ ਹਨ, ਤੇ ਸਾਡੇ ਦਾਮਨ ਛੋਟੇ। ਉਹ ਮਨਾਂ ਨੂੰ ਸੁਤੰਤਰਤਾ ਬਖਸ਼ ਕੇ ਬਲਵਾਨ ਬਣਾ ਦਿੰਦੇ ਸਨ। ਇਹੋ ਕਾਰਨ ਹੈ ਕਿ ਜਿਨ੍ਹਾਂ ਦੇ ਮਨ ਸੁਤੰਤਰ ਤੇ ਨਿਰਭੈ ਹੋ ਜਾਂਦੇ ਹਨ, ਉਹ ਤੋਪਾਂ ਅੱਗੇ ਛਾਤੀਆ ਡਾਹ ਕੇ ਖਲੋ ਜਾਂਦੇ ਹਨ, ਤੇ ਜੇ ਤੋਪ ਨਾਲੋਂ ਕੱਦ ਛੋਟੇ ਹੋਣ, ਤਾਂ ਚਾਰ ਇੱਟਾਂ ਪੈਰਾਂ ਹੇਠ ਰਖ ਕੇ ਸਰੂ-ਕੱਦ ਹੋ ਤੋਪ ਨਾਲ ਬਰ ਮੇਚਣ ਲਗਦੇ ਹਨ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਵਿੱਲਖਣ ਸ਼ਖਸੀਅਤ, ਤੇ ਅਣ-ਮੇਚੇ ਪੂਰਨਿਆਂ ਨੇ ਉਹਨਾਂ ਨੂੰ ਲੱਖਾਂ ਭਾਰਤੀਆਂ ਦੇ ਹਿਰਦਿਆਂ ਵਿਚ ਵਸਾ ਕੇ ਪਰਮ-ਉੱਚ ਅਸਥਾਨ ਦਿੱਤਾ ਹੋਇਆ ਹੈ, ਤੇ ਉਹ ਆਪਣੇ ਉਸ ਮਹਿਬੂਬ ਦੇ ਗੀਤ ਗਾਉਂਦੇ ਆਪਣੀ ਸੁੱਧ ਬੁੱਧ ਭੁਲ ਜਾਂਦੇ ਹਨ।

ਇਹ ਪੁਸਤਕ ਉਸ ਮਹਾਨ ਸਖਸੀਅਤ ਲਈ ਕਹੇ ਗਏ ਬੋਲਾਂ ਤੇ ਗੀਤਾਂ ਦਾ ਸੰਗ੍ਰਹਿ ਹੈ। ਇਸ ਵਿਚ ਕਿਤੇ ਵੈਰਾਗ ਹੈ, ਕਿਤੇ ਨਿਹੋਰੇ ਹਨ, ਕਿਤੇ ਵਿਲਕਣੀਆਂ ਹਨ, ਕਿਤੇ ਅਰਜੋਈਆਂ ਤੇ ਗਿਲੇ ਸਿਕਵੇ। ਪਰ ਉਸਦੀ ਨੂਰੀ ਝਲਕ ਦੀ ਉਡੀਕ ਇਹਨਾਂ ਸਭ ਰਚਨਾਵਾਂ ਵਿਚ ਹੈ।

ਜਦੋਂ ਮੈਨੂੰ ਇਨ੍ਹਾਂ ਰੱਸ-ਭਿੰਨੇ ਬੋਲਾਂ ਦੀ ਸੰਪਾਦਨਾ ਦਾ ਕੰਮ ਕਰਨ ਦੀ ਜੁੰਮੇਵਾਰੀ ਸ੍ਰ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਸੰਭਾਲੀ, ਤਾਂ ਮਨ ਵਿਚ ਖੁਸ਼ੀ ਮਹਿਸੂਸ ਹੋਈ। ਸੋਚ ਆਈ, ਕਿ ਉਸ ਮਹਾਨ ਸ਼ਖਸੀਅਤ ਬਾਰੇ ਕਹੇ ਗਏ ਧੜਕਦੇ ਤੇ ਵਿਲਕਦੇ ਹਿਰਦਿਆਂ ਦੇ ਬੋਲਾਂ ਵਿਚੋਂ ਦੀ ਲੰਘਣਾ ਵੀ ਉਸਦੀ ਪਿਆਰ-ਛੋਹ ਵਰਗਾ ਹੀ ਆਨੰਦ-ਦਾਇਕ ਹੋਵੇਗਾ। ਪਰ ਸੋਚੇ ਹੋਏ ਆਨੰਦ ਨਾਲੋਂ ਕਿਤੇ ਵੱਧ ਆਨੰਦ ਇਸ ਪੁਸਤਕ ਨੂੰ ਪੜ੍ਹਨ ਤੇ ਕਾਰਜ ਸਾਧਣ ਵਿਚ ਆਇਆ ਹੈ।

ਇਸ ਪੁਸਤਕ ਦੇ ਅੰਤ ਵਿਚ ਡਾ: ਹਰਿਭਜਨ ਸਿੰਘ ਅਤੇ ਮੈਂ ਆਪਣੀ ਕਵਿਤਾ— ਜਾਣ ਬੁਝ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਬੰਧੀ ਸ਼ਾਮਲ ਕੀਤੀਆਂ ਹਨ। ਪਤਾ ਨਹੀਂ ਕਿਉਂ, ਪਰ ਇਸ ਤਰ੍ਹਾਂ ਇਹ ਪੁਸਤਕ ਸੰਪੂਰਣ ਜਾਪਦੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪੁਸਤਕ, ਅਤੇ ਇਸ ਪੁਸਤਕ ਮਾਲਾ ਦੀਆਂ ਦੂਜੀਆਂ ਪੁਸਤਕਾਂ ਨੂੰ ਤਿਆਰ ਕਰਨ ਤੇ ਇਨ੍ਹਾਂ ਦੀ ਪਰਕਾਸ਼ਨਾਂ ਲਈ ਕਿਰਪਾ ਭਰੀ ਪਰੇਰਨਾ ਦਿੱਤੀ ਹੈ।

ਸ੍ਰ: ਹਰਵਿੰਦਰ ਸਿੰਘ ਹੰਸਪਾਲ, ਮੈਂਬਰ ਪਾਰਲੀਮੈਂਟ, ਨੇ ਸਭ ਕੰਮਾਂ ਤੋਂ ਇਹਨਾਂ ਪ੍ਰਕਾਸ਼ਨਾਵਾਂ ਨੂੰ ਪਹਿਲ ਦੇ ਕੇ ਤੇ ਹਰ ਪੜਾਅ ਤੇ ਰਹਿਨੁਮਾਈ ਕਰਕੇ ਮੇਰਾ ਹੌਸਲਾ ਵਧਾਇਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਦਿਤੀ ਪ੍ਰੇਰਨਾ ਤੇ ਦਿਸ਼ਾ-ਨਿਰਦੇਸ਼ਨ ਲਈ ਮੈਂ ਸਦਾ ਹੀ ਕ੍ਰਿਤਗੱਯ ਰਹਾਂਗਾ।

**—ਤਾਰਾ ਸਿੰਘ ਕਾਮਲ**

ਮਿਤੀ : 25 ਅਪ੍ਰੈਲ 1991

Namdhari Elibrary NamdhariElibrary@gmail.com

# ਸੂਚੀ

ਅਟੱਲ ਪ੍ਰਤਾਪੀ/ਅਜੀਤ ਸਿੰਘ ਚੀਮਾ/13
ਪ੍ਰਭਾਕਰੀ ਕਿਰਨਾਂ ਦਾ ਬੋਹਲ/ਡਾ. ਆਤਮ ਹਮਰਾਹੀ/16
ਪੰਜ ਭਾਦਰੋਂ/ਸੁਖਜੀਤ/18
ਪੀਆ ਤੇਰੇ ਜੱਸਦਾ/ਹਰਭਜਨ ਸਿੰਘ (ਐਲਨਾਬਾਦ)/21
ਯਾਦ ਰਹੇਗਾ ਸਦਾ ਪਿਆਰ ਤੇਰਾ/ਕਰਤਾਰ ਸਿੰਘ 'ਪੰਛੀ'/23
ਪਰਉਪਕਾਰੀ/ਕੁਲਜੀਤ ਸਿੰਘ 'ਜੀਤ'/25
ਬੇਦਰਦ ਵਿਛੋੜੇ ਕੀ ਕੀਤਾ/ਕੁਲਜੀਤ ਸਿੰਘ 'ਜੀਤ'/28
ਸਤਿਗੁਰ ਪੂਰਾ/ਕੁਸ਼ੱਲਿਆ ਗੁਲਸ਼ਨ/30
ਰਸਨਾ ਤੇ ਤੱਕਣੀ/ਆਤਮਾ ਸਿੰਘ ਸਨਖੱਤ੍ਰਵੀ/32
ਸੋਮਾ ਰਹਿਮਤਾਂ ਦਾ/ਹਰਭਜਨ ਸਿੰਘ 'ਪਰਵਾਨਾ'/34
ਰੁਬਾਈਆਂ/ਹਰਸਾ ਸਿੰਘ 'ਬਾਠ'/36
ਸ਼ਤਾਬਦੀ/ਹਰਸਾ ਸਿੰਘ 'ਬਾਠ'/37
ਪਿਆਰ ਤੇਰਾ/ਸੰਤ ਰਾਮ ਉਦਾਸੀ/38
ਗੁਰੂ ਪ੍ਰਤਾਪ ਆਂਦਾ ਬੰਜਰੀਂ ਬਹਾਰਾਂ ਨੂੰ/ਸਵਰਨ ਸਿੰਘ 'ਚੀਮਾ'/40
ਸੱਚੀ ਸਰਕਾਰ ਦੀ ਯਾਦ/ਖੜਕ ਸਿੰਘ ਭਮਰਾ/42
ਕੇਹੀ ਰਾਤ ਆਈ/ਗੁਰਮੇਲ ਸਿੰਘ 'ਹੰਸ'/44
ਸਤਿਗੁਰੂ ਉਹ ਸਾਕਾਰ ਸੀ/ਗੁਲਵੰਤ 'ਫ਼ਾਰਿਗ਼'/46
ਆਫ਼ਤਾਬ/ਜਗਜੀਤ ਕੌਰ ਭੋਲੀ/48
ਯਾਦ ਕਰੇ ਸੰਸਾਰ/ਜੋਗਿੰਦਰ ਸਿੰਘ ਮੁਕਤਾ/50
ਅਟੱਲ ਪਰਤਾਪੀ ਗੁਰੂ ਸ਼ਾਨਾਂ ਅਜਬ ਤੇਰੀਆਂ/ਨਿਰੰਜਨ ਸਿੰਘ ਜਯੋਤੀ/52
ਆਪਣੇ ਸੇਵਕ ਕੀ ਆਪੇ ਰਾਖੈ/ਨਿਰੰਜਨ ਸਿੰਘ ਜਯੋਤੀ/54
ਭੈਣੀ ਸਾਹਿਬ ਨੂੰ/ਜਸਵੰਤ ਸਿੰਘ 'ਜੱਸ'/58
ਵਰ ਦਾਤਾ/ਜੋਗਿੰਦਰ ਸਿੰਘ ਮੁਕਤਾ/60
ਸੱਚੀ ਸਰਕਾਰ ਆਈ/ਡਾ. ਬਲਵੰਤ ਸਿੰਘ ਦਰਦੀ/62

Namdhari Elibrary NamdhariElibrary@gmail.com

ਮਾਹੀਆ/ਬਲਬੀਰ ਸਿੰਘ ਢਿਲੋਂ/64
ਯਾਦ ਰਹੇਗਾ ਸਦਾ ਪਿਆਰ ਤੇਰਾ/ਕਰਮ ਸਿੰਘ 'ਬਾਲਮ'/66
ਸੋਮਾ ਏਂ ਪਿਆਰ ਦਾ/ਸਾਧੂ ਸਿੰਘ 'ਕਿਸਾਨ'/69
ਗ਼ਜ਼ਲ/ਸੰਤੋਖ ਸਿੰਘ 'ਸਾਜਨ'/71
ਗੁਰੂ ਪਰਤਾਪ ਪਿਆਰੇ/ਰਣਜੀਤ ਕੌਰ 'ਜੀਤ'/73
ਯਾਦ/ਰਣਜੀਤ ਕੌਰ 'ਜੀਤ'/75
ਮਹਿਮਾ ਵਡ ਪਰਤਾਪੀ ਦੀ/ਸੁਰਜੀਤ ਖੁਰਸੀਦੀ/76
ਗੁਰੂ ਸ਼ਾਹ ਅਸਵਾਰ/ਬੂਟਾ ਸਿੰਘ ਪ੍ਰੀਤਮ/78
ਪਿਆਰ ਤੇਰਾ/ਮਹਿੰਦਰ ਸਿੰਘ, ਗੜ੍ਹ ਸ਼ੰਕਰ/80
ਮਹਾਰਾਜ ਦੇ ਕਦਮਾਂ ਵਿਚ/ਪ੍ਰਕਾਸ਼ ਸਾਥੀ/83
ਹੁਣ ਪਾਪ ਮਾਰਨੇ ਓਖੇ ਕੀ/ਰਾਮ ਨਾਥ ਸਰਵਰ/85
ਜੀਵਨ ਨਗਰ ਪਵਿੱਤਰ ਧਰਤੀ/ਅਮਰੀਕ ਸਿੰਘ/87
ਗੁਰੂ ਪਰਤਾਪ ਸਿੰਘ ਤੈਥੋਂ ਬਲਿਹਾਰੀਆਂ/ਅਮਰੀਕ ਸਿੰਘ/89
ਅਟੱਲ ਪ੍ਰਤਾਪੀ ਮਿਹਮਾ/ਜੋਗਾ ਸਿੰਘ ਨਾਮਧਾਰੀ/91
ਯਾਦ ਰਹੇਗਾ ਸਦਾ ਪਿਆਰ ਤੇਰਾ/ਬਲਬੀਰ ਸਿੰਘ ਢਿਲੋਂ/93
ਯਾਦ/ਰਣਧੀਰ ਸਿੰਘ ਧੀਰਾ/97
ਗੀਤ/ਭਗਵਾਨ ਸਿੰਘ ਦੀਪਕ/100
ਗੀਤ/ਭਗਵਾਨ ਸਿੰਘ ਦੀਪਕ/101
ਉਹ ਪਰਬਤ ਮੈਂ ਰਾਈ/ਬਲਵੰਤ ਸਿੰਘ ਨਿਰਵੈਰ/102
ਪੰਜ ਭਾਦਰੋਂ ਜੇ ਨਾ ਰਾਤ ਆਉਂਦੀ/ਬਲਬੀਰ ਸਿੰਘ ਢਿਲੋਂ/104
ਸੱਚਾ ਦਰਬਾਰ ਤੇਰਾ/ਅਮਰਜੀਤ ਸਿੰਘ 'ਅਮਰ'/106
ਸਤਿਗੁਰੂ ਪਰਤਾਪ ਸਿੰਘ ਸ਼ਤਾਬਦੀ/ਪ੍ਰੀਤਮ ਸਿੰਘ ਕਵੀ/109
ਸਤਿਗੁਰ ਪਰਤਾਪ ਸਿੰਘ ਦੀ ਦੇਣ/ਕਰਤਾਰ ਸਿੰਘ 'ਗੁਲਸ਼ਨ'/111
ਪੁਰਖ ਅਕਾਲ ਸਤਿਗੁਰ/ਪਰਮਜੀਤ ਸਿੰਘ 'ਸਾਜਨ'/112
ਵੱਡੇ ਪਰਤ੍ਰਾਪ ਵਾਲਿਆ/ਹਰਭਜਨ ਸਿੰਘ 'ਰਤਨ'/114
ਜਗਦੀ ਜੋਤਿ/ਚਤਰ ਸਿੰਘ 'ਬੀਰ'/115
ਤੇਰਾ ਉਪਕਾਰ/ਪ੍ਰੀਤਮ ਸਿੰਘ ਕਵੀ/117
ਹਰਿ ਜੂ ਹਰਿਮੰਦਰ ਆਵਹਿੰਗੇ/ਡਾ. ਹਰਿਭਜਨ ਸਿੰਘ/119
ਗੁਰੂ ਪਰਤਾਪ ਸਿੰਘ/ਡਾ. ਹਰਿਭਜਨ ਸਿੰਘ/121
ਸਜਾ ਕਿੰਨੀ ਕੁ ਬਾਕੀ ਹੈ/ਤਾਰਾ ਸਿੰਘ/123
ਵੱਡ ਪਰਤਾਪੀ ਦੀ/ਤਾਰਾ ਸਿੰਘ ਅਨਜਾਣ/125

Namdhari Elibrary NamdhariElibrary@gmail.com

## ਅਟੱਲ ਪ੍ਰਤਾਪੀ

**ਅਜੀਤ ਸਿੰਘ ਚੀਮਾ**

ਹਰਾ ਕੀਤਾ ਤੂੰ ਹਰੀ ਦਾ ਚਮਨ ਆ ਕੇ
ਕਲੀਆਂ ਸੁੱਕ ਗਈਆਂ ਮੁੜ ਕੇ ਟਹਿਕੀਆਂ ਨੇ
ਭੈਣੀ ਸਾਹਿਬ ਤੇ ਫੇਰ ਨਿਖਾਰ ਆਇਆ
ਜੰਗਲ ਬੇਲੇ ਅਤੇ ਜੂਹਾਂ ਮਹਿਕੀਆਂ ਨੇ
ਮੋਰ ਅਤੇ ਚਕੋਰ ਵਿਚ ਲੋਰ ਆਏ
ਕੋਇਲਾਂ ਬੁਲਬੁਲਾਂ ਖੁਸ਼ੀ ਵਿਚ ਚਹਿਕੀਆਂ ਨੇ
ਹੋਏ ਮੇਲ ਫਿਰ ਚਿਰੀਂ ਵਿਛੁੰਨਿਆਂ ਦੇ
ਮਸਾਂ ਮਸਾਂ ਮਿਲੀਆਂ ਰੂਹਾਂ ਸਹਿਕੀਆਂ ਨੇ
ਚੁੱਕ ਚੌਂਕੀਆਂ ਲਈਆਂ ਉਚੱਕਿਆਂ ਨੇ
ਤੇਰੀ ਆਮਦ ਨਾਲ ਨਵਾਂ ਇਕ ਮੋੜ ਆਇਆ
ਜੈ ਜੈ ਕਾਰ ਹੋ ਗਈ ਸਾਰੇ ਕਹਿਣ ਲੱਗੇ
ਬੰਦੀ ਛੋੜ ਆਇਆ ਬੰਦੀ ਛੋੜ ਆਇਆ

ਸੁੱਚ ਸੋਧ ਮਰਿਆਦਾ ਦੀ ਗਦਾ ਲੈ ਕੇ
ਸੋਧਣ ਜੱਗ ਨੂੰ ਮਰਦੇ ਮੈਦਾਨ ਤੁਰਿਆ
ਮੁਰਦਾ ਹੋਈ ਜਿਹੜੀ ਸਿੱਖੀ ਚਿਰਾਂ ਤੋਂ ਸੀ
ਜਾਣੀ ਜਾਣ ਉਸ ਵਿਚ ਪਾਣ ਜਾਨ ਤੁਰਿਆ
ਨਾਮ ਦਾਨ ਇਸ਼ਨਾਨ ਦੀ ਰਾਸ ਲੈ ਕੇ
ਸੌਦਾ ਸੱਚ ਦਾ ਕਰਨ ਬਲਵਾਨ ਤੁਰਿਆ
ਭੁੱਲੇ ਭਟਕਿਆਂ ਚੋਰਾਂ ਉਚੱਕਿਆਂ ਨੂੰ
ਰਾਹੇ ਰੱਬ ਦੇ ਪਾਣ ਭਗਵਾਨ ਤੁਰਿਆ
ਗੋਲੇ ਗਿਆਨ ਦੇ ਦਾਗੇ ਅਠੋਤਰੀ 'ਚੋਂ



Namdhari Elibrary NamdhariElibrary@gmail.com

ਕੰਧ ਕੋਹੜ ਕੁਰੀਤ ਦੀ ਢਾਹ ਦਿੱਤੀ
ਐਸਾ ਮੋਜਜ਼ਾ ਮੌਜ ਦੇ ਨਾਲ ਕੀਤਾ
ਸਿੱਖੀ ਸੁੱਤੀ ਹੋਈ ਫੇਰ ਜਗਾ ਦਿੱਤੀ

ਇਕੋ ਨਦਰ ਨਾਲ ਨਦਰ ਨਿਹਾਲ ਕੀਤਾ
ਵੱਡੇ ਵੱਡਿਆਂ ਲੋਫਰ ਲਫੰਗਿਆਂ ਨੂੰ
ਨੱਥ ਪ੍ਰੇਮ ਦੀ ਕੱਸ ਕੇ ਨੱਕ ਪਾਈ
ਬੇਦੀਨਾਂ ਬੇਦੀਦਾਂ ਬੇਢੰਗਿਆਂ ਨੂੰ
ਉਹ ਵੀ ਅਮਨ ਦੇ ਹਾਮੀ ਬਣਾ ਦਿਤੇ
ਜਿਹੜੇ ਕਰਨ ਫਸਾਦ ਤੇ ਦੰਗਿਆਂ ਨੂੰ
ਨਾਮ ਬਾਣੀ ਦੇ ਮਾਰ ਕੇ ਤੀਰ ਤਿੱਖੇ
ਵਿਨ੍ਹੁੱ ਸੁਟਿਆ ਚਾਤ੍ਰ ਕੁਰੰਗਿਆਂ ਨੂੰ
ਸੁਰਮਾ ਗਿਆਨ ਦਾ ਨੇਤ੍ਰਾਂ ਵਿਚ ਪਾ ਕੇ
ਲਾਹਿਆ ਮੋਤੀਆ ਬਿੰਦ ਦੇ ਜਾਲਿਆਂ ਨੂੰ
ਸੰਤ ਖ਼ਾਲਸੇ ਦੀ ਜੈ ਜੈ ਕਾਰ ਹੋਈ
ਪਈਆਂ ਭਾਜੜਾਂ ਦਿਲਾਂ ਦੇ ਕਾਲਿਆਂ ਨੂੰ

ਸੰਪਰਦਾਵਾਂ ਦੇ ਝਗੜੇ ਮਿਟਾਣ ਖਾਤ੍ਰ
ਸੱਦਾ ਦਿੱਤਾ ਗਿਆਨੀਆਂ ਬੋਧੀਆਂ ਨੂੰ
ਕੱਢੀ ਈਰਖਾ ਦਿਲਾਂ ਦੀਵਾਨਿਆਂ ਦੀ
ਕਰ ਕੇ ਕਠਿਆਂ ਖੁਲ੍ਹਿਆਂ, ਸੋਧੀਆਂ ਨੂੰ
ਮਿੱਠ ਬੋਲੜੇ ਬੋਲ ਕੇ ਬੋਲ ਮਿੱਠੇ
ਕੀਤਾ ਸ਼ਾਂਤ ਸੀ ਕੱਟੜ ਵਿਰੋਧੀਆਂ ਨੂੰ
ਐਸੀ ਪਿਆਰ ਗਲਵੱਕੜੀ ਪਾਈ ਸਤਿਗੁਰ
ਕੀਤਾ ਠੰਡਿਆਂ ਠਾਰ ਕਰੋਧੀਆਂ ਨੂੰ
ਭਾਜੀ ਪਿਆਰ ਦੀ ਪਾ ਕੇ ਸਭ ਭੌਰੇ
ਕੱਢ ਦਿੱਤੀ ਸੀ ਤਾਤ ਪ੍ਰਾਈ ਵਿਚੋਂ
ਖਿੱਚ ਲਏ ਸਾਰੇ ਮਿਕਨਾਤੀਸ ਵਾਂਗੂੰ
ਹੁਜਰੇ ਦਿਲਾਂ ਦੀ ਕੀਤੀ ਸਫਾਈ ਵਿਚੋਂ

ਤੁਸੀਂ ਸਿੱਖ ਸਮਾਜ ਲਈ ਸੋਚਦੇ ਸੀ
ਸੁਪਨੇ ਤੁਸਾਂ ਦੇ ਅੱਜ ਸਾਕਾਰ ਬਣ ਗਏ
ਜੀਵਨ ਦਾਨ ਦਿੱਤਾ ਜੀਵਨ ਜੋਗਿਆਂ ਨੂੰ
ਸਾਰੇ ਕਮੀਂ ਕਮੀਨ ਸਰਦਾਰ ਬਣ ਗਏ



Namdhari Elibrary NamdhariElibrary@gmail.com

ਜੀਵਨ ਨਗਰ 'ਚੋਂ ਜੰਡ ਕਰੀਰ ਮੁੱਕੇ
ਬੀਆਬਾਨ ਉਜਾੜ ਗੁਲਜ਼ਾਰ ਬਣ ਗਏ
ਭੁਖ ਦੁੱਖ ਗਰੀਬੀ ਨਾਲ ਘੁਲਣ ਵਾਲੇ
ਮਾਲਕ ਜ਼ਿਮੀਂ ਦੇ ਸ਼ਾਹ ਸਵਾਰ ਬਣ ਗਏ
ਤੇਰੀ ਰਹਿਮਤਾਂ ਦੀ ਐਸੀ ਹੋਈ ਵਰਖਾ
ਪਿਛਲੇ ਦੁਖ ਦਲਿੱਦਰ ਸੰਤਾਪ ਭੁੱਲ ਗਏ
ਮਿਲਿਆ ਚਾਨਣਾ ਘੁੱਪ ਹਨ੍ਹੇਰਿਆਂ ਨੂੰ
ਹਸਪਤਾਲ ਤੇ ਕਾਲਜ ਸਕੂਲ ਖੁੱਲ੍ਹ ਗਏ

ਵਿਆਹ ਸ਼ਾਦੀਆਂ ਦੇ ਢੰਗ ਬਦਲ ਦਿੱਤੇ
ਰਸਤਾ ਸੌਖ ਸੁਖੈਨ ਬਣਾ ਦਿੱਤਾ
ਕਰ ਕੇ ਮੇਲਿਆਂ ਵਿਚ ਅਨੰਦ ਕਾਰਜ
ਗਾਡੀ ਗੁਰਮਖ ਸੀ ਰਾਹ ਚਲਾ ਦਿੱਤਾ
ਦਾਜ ਦੇਣ ਦੀ ਰਸਮ ਦੀ ਧੌਣ ਭੰਨੀ
ਧੀਆਂ ਵਾਲਿਆਂ ਦਾ ਭਾਰਾ ਲਾਹ ਦਿੱਤਾ
ਨਵੀਂ ਨਸਲ ਨੂੰ ਨਵੀਂ ਨਵ ਸੇਧ ਦੇ ਕੇ
ਨਵਾਂ ਪੂਰਨਾ ਸਤਿਗੁਰਾਂ ਪਾ ਦਿੱਤਾ
ਕੀਤਾ ਜੋ ਉਪਕਾਰ ਸਮਾਜ ਉੱਤੇ
ਕਰ ਸਕੇ ਕੀ "ਚੀਮਾ" ਬਿਆਨ ਉਸ ਨੂੰ
ਸਦੀਆਂ ਤੀਕ ਇਹ ਦਿਲਾਂ ਤੇ ਛਾਪ ਰਹਿਸੀ
ਯਾਦ ਰੱਖੇਗਾ ਹਿੰਦੋਸਤਾਨ ਉਸ ਨੂੰ ।



Namdhari Elibrary NamdhariElibrary@gmail.com

## ਪ੍ਰਭਾਕਰੀ-ਕਿਰਨਾਂ ਦਾ ਬੋਹਲ

**ਡਾ. ਆਤਮ ਹਮਰਾਹੀ**

ਉਹ ਨੂਰਵਾਨ ਸਮਰੱਥ ਆਗੂ ਕਿਰਨਾਂ ਦਾ ਬੋਹਲ ਸੀ
ਸਤਿਗੁਰੂ ਪਰਤਾਪ ਸਿੰਘ !
ਇਰਾਦਾ, ਉੱਦਮ, ਪੌਰਖ, ਦ੍ਰਿੜ੍ਹਤਾ, ਸਪਸ਼ਟਤਾ, ਸਿਮਰਨ
ਨਿਰਭੈਤਾ, ਉਪਕਾਰ, ਅਗਵਾਈ
ਸਭ ਕੁਝ ਦੀ ਕਮਾਲ ਤੌਫ਼ੀਕ ਸੀ
ਸਤਿਗੁਰੂ ਪਰਤਾਪ ਸਿੰਘ ਵਿਚ
ਇਹ ਸਾਰੇ ਗੁਣ ਉਸ ਦੀ ਨਿਰਮਲ ਵਜੂਦੀ ਹਸਤੀ ਦੇ
ਤਲਿਸਮੀ ਪ੍ਰਗਟਾਵੇ ਸਨ
ਤਿੱਖੜ ਸੂਰਜੀ ਸੱਚ ਉਸ ਦੇ ਮਸਤਕ ਦੀ
ਝਿਲਮਿਲਾਂਦੀ ਆਭਾ ਸੀ ।
ਭਵਿੱਖ ਬਾਣੀ ਵਰਗੇ ਫ਼ੈਸਲੇ
ਉਸ ਦੀ ਰਾਹ-ਦਸੇਰਗੀ ਦੇ ਜ਼ਾਮਨ ਸਨ
ਉਸ ਦੀ ਸਰਬ-ਧਰਮੀ ਮਾਨਵੀ ਬੁੱਕਲ
ਆਕਾਸ਼ ਵਾਂਗ ਖੁੱਲ੍ਹੀ ਸੀ
ਨਾਨਕ ਪਾਤਸ਼ਾਹ ਜਿੰਨੀ ਹਯਾਤੀ
ਅਤੇ ਸਵਾ ਪੰਜ ਦਹਾਕਵੀਂ ਨਾਮਧਾਰੀ-ਗੁਰਿਆਈ
ਉਹ ਆਪਣੇ ਕਾਲ ਦੀ ਉੱਦਮੀ ਧਿਰ ਸੀ
ਉਸ ਦੇ ਨਿਰਭੈ ਸਹਿਯੋਗ ਰਾਹੀਂ ਹੀ
ਸਤਿਗੁਰੂ ਰਾਮ ਸਿੰਘ ਦਾ ਸੰਕਲਪਿਆ ਸਵਰਾਜ ਤੋੜ ਚੜ੍ਹਿਆ

ਨਾਮਧਾਰੀ ਸਤਿਗੁਰੂ ਮੀਨਾਰੀ ਸ਼ਖ਼ਸੀਅਤਾਂ ਹਨ,
ਉਹਨਾਂ ਦੀ ਭਜਨੀਕ ਨਿਡਰਤਾ ਸਦਾ



Namdhari Elibrary NamdhariElibrary@gmail.com

ਘੜਿਆਲ ਵਾਂਗ ਗੂੰਜੀ ਹੈ,
ਡੰਡਉਤ ਹੈ ਸਿੱਖ ਪੈਗ਼ੰਬਰੀ ਦੇ ਸੇਵਕ
ਬਾਲਕ ਸਿੰਘ ਦੀ ਬ੍ਰਹਮ-ਅਭੇਦੀ ਆਤਮਾ ਨੂੰ
ਡੰਡਉਤ ਹੈ ਸਤਿਗੁਰੂ ਰਾਮ ਸਿੰਘ ਦੀ
ਮਨ-ਬਚ-ਕਰਮ ਦੀ ਏਕੀਕ੍ਰਿਤ ਪੈਗ਼ੰਬਰੀ ਨੂੰ
ਡੰਡਉਤ ਹੈ ਸਤਿਗੁਰੂ ਹਰੀ ਸਿੰਘ ਦੀ ਨਿਰਭੈ ਲਿਵਲੀਨਤਾ ਨੂੰ
ਡੰਡਉਤ ਹੈ ਗਤੀਸ਼ੀਲ ਪ੍ਰਭਾਕਰ ਦੀਆਂ
ਨਿਡਰ ਉਪਕਾਰੀ ਪਰਤਾਪੀ ਕਿਰਨਾਂ ਨੂੰ
ਡੰਡਉਤ ਹੈ ਦਿਲਾਂ ਨੂੰ ਪ੍ਰਕਾਸ਼ਦੀ
'ਮਨ ਜੀਤੇ ਜਗ ਜੀਤ' ਦੀ ਸਦਾ ਸ਼ਗੁਫ਼ਤਾ
ਦਿਲ ਫ਼ਰੇਬ ਆਤਮਾ ਨੂੰ।
ਡੰਡਉਤ ਹੈ ਤਨ, ਮਨ ਤੇ ਆਤਮਾ ਦੀ
ਅਦੁਤੀ ਤੰਦਰੁਸਤੀ ਦੇ ਨਿਰਮਲ ਫ਼ਲਸਫ਼ੇ ਨੂੰ,
ਬਲਵਾਨ ਸੰਸਾਰ-ਨਾਗਰਿਕ ਦੇ ਸੰਕਲਪ ਨੂੰ,
ਡੰਡਉਤ ਹੈ, ਡੰਡਉਤ ਹੈ, ਡੰਡਉਤ ਹੈ।



Namdhari Elibrary NamdhariElibrary@gmail.com

## ਪੰਜ ਭਾਦਰੋਂ

**ਸੁਖਜੀਤ**

ਕੁਝ ਦਿਨ ਫੁੱਲਾਂ ਵਰਗੇ ਹੁੰਦੇ ਨੇ
ਕੁਝ ਰਾਤਾਂ ਹੁੰਦੀਆਂ ਨੇ ਕਲੀਆਂ ਵਾਂਗੂੰ
ਜਦ ਕਦੇ ਵੀ ਯਾਦ ਆਉਂਦੀਆਂ ਨੇ
ਆਉਂਦੀ ਹੈ ਤਨ ਮਨ 'ਚੋਂ ਖੁਸ਼ਬੋਈ,
ਪਰ ਕੁਝ ਦਿਨ ਐਸੇ ਵੀ ਹੁੰਦੇ ਨੇ
ਜੋ ਕੰਡਿਆਂ ਵਾਂਗੂੰ
ਚੇਤੇ 'ਚ ਪੁੜ ਜਾਂਦੇ ਨੇ।
ਕੁਝ ਡੈਣਾਂ ਵਰਗੀਆਂ ਰਾਤਾਂ
ਬਹੁਤ ਕੁਝ ਖਾ ਜਾਂਦੀਆਂ ਨੇ
ਬਚ ਜਾਂਦੀ ਹੈ ਸਿਰਫ਼
ਚੇਤੇ 'ਚ ਪੁੜੇ ਕੰਡਿਆਂ ਦੀ ਪੀੜ
ਜਾਂ ਜ਼ਖ਼ਮਾਂ ਵਰਗੇ
ਇਹਨਾਂ ਦਿਨਾਂ ਦੀ ਯਾਦ
ਤੇ ਇਹ ਯਾਦ ਜਦੋਂ ਵੀ ਆਉਂਦੀ ਹੈ
ਪੀੜ ਪੀੜ ਕਰ ਜਾਂਦੀ ਹੈ

ਉਂਝ ਪਤਾ ਨਹੀਂ
ਸਾਥੋਂ ਕੀ ਹੋਇਆ ਹੈ ਗੁਨਾਹ
ਕਿ ਬਿਰਹੋਂ ਦਾ ਦੁੱਖ ਸਾਨੂੰ
ਵਿਰਾਸਤ 'ਚ ਮਿਲਿਐ
ਪਤਾ ਨਹੀਂ ਕੀ ਹੋ ਗਈ ਹੈ ਅਵੱਗਿਆ
ਕਿ ਕਿਸੇ ਰਿਸ਼ੀ ਨੇ ਦਿੱਤਾ ਹੈ ਸ਼ਰਾਪ



Namdhari Elibrary NamdhariElibrary@gmail.com

Namdhari Elibrary NamdhariElibrary@gmail.com

ਕਿ ਆਏ ਦਿਨ ਅਸੀਂ
ਸਹਿੰਦੇ ਹਾਂ ਹਿਜਰ ਦੇ ਫੱਟ
ਕਿਉਂ ਕੋਈ ਦਿਨ,
ਪੁੜ ਜਾਂਦਾ ਹੈ ਸਾਡੇ ਚੇਤੇ ਵਿਚ
ਕੰਡੇ ਵਾਂਗ !
ਕਿਉਂ ਕੋਈ ਰਾਤ
ਸਾਰੀ ਉਮਰ ਲਈ ਬਣ ਜਾਂਦੀ ਹੈ
ਸਾਡੀਆਂ ਅੱਖਾਂ ਦੀ ਰੜਕ ।
ਕਿਉਂ ? ਆਖ਼ਿਰ ਕਿਉਂ...?



Namdhari Elibrary NamdhariElibrary@gmail.com

## ਪੀਆ ਤੇਰੇ ਜੱਸਦਾ

**ਹਰਭਜਨ ਸਿੰਘ (ਐਲਨਾਬਾਦ)**

ਵਡ ਪ੍ਰਤਾਪ ਜਾਪ ਕਰੇ ਜਿਹੜਾ ਆਪ ਤੇਰਾ,
ਤਾਪ ਤੇ ਸਰਾਪ ਉਹਦਾ ਦੂਰ ਦੂਰ ਨੱਸਦਾ।
ਪੌਣ ਪਾਣੀ ਅਗਨੀ ਤੇ ਲੱਛਮੀ ਵੀ ਦਾਸੀ ਤੇਰੀ,
ਸੁਮੇਰ ਤੇ ਕੁਬੇਰ ਰਹਿੰਦਾ ਚਰਨ ਤੇਰੇ ਝੱਸਦਾ।
ਭਾਨ ਸਮਾਨ ਸ਼ਾਨ ਤਖਤ ਅਤੇ ਤਾਜ ਦੀ ਸੀ,
ਰੋਮ ਰੋਮ ਤੇਰਾ ਪੀਆ ਸਦਾ ਰਹਿੰਦਾ ਹੱਸਦਾ।
ਸ਼ੇਸ਼ ਨਾਗ ਪਾਸੋਂ ਨਾ ਬਿਆਨ ਹੋਵੇ ਤੇਰਾ ਜ਼ੱਸ,
ਪਾਰਾਵਾਰ ਆਂਵਦਾ ਨਾ ਪੀਆ ਤੇਰੇ ਜੱਸਦਾ।

ਰਾਜੇ ਮਹਾਰਾਜੇ ਸਦਾ ਝੁਕਦੇ ਸੀ ਤੇਰੇ ਸਾਹਵੇਂ,
ਝੁਕਿਆ ਨਾ ਕਿਸੇ ਅਗੇ ਵਾਲ ਤੇਰੀ ਮੱਸ ਦਾ।
ਜਮੁਨਾ ਸਰੱਸਤੀ ਦਾ ਵਾਸ ਤੇਰੀ ਰਸਨਾ ਤੇ
ਨਿਕਲਿਆ ਜ਼ਬਾਨੋਂ ਬੋਲ ਤਾਂਹੀ ਦਿਲ ਖੱਸਦਾ।
ਵਡੇ ਖੱਬੀ ਖਾਨ ਆਣ ਝੁਕਦੇ ਕਮਾਨ ਵਾਂਗ,
ਜਿਸ ਵਲ ਪੀਆ ਤੀਰ ਨੈਣਾਂ ਦੇ ਸੈਂ ਕੱਸਦਾ।
ਰੋਗ ਵਡੇ ਰੋਗੀਆਂ ਦੇ ਕੱਟਦਾ ਦੀਦਾਰ ਤੇਰਾ,
ਪਾਰਾਵਾਰ ਆਂਵਦਾ ਨਾ ਪੀਆ ਤੇਰੇ ਜੱਸਦਾ।

ਤੇਰਾ ਦਰਬਾਰ ਵਾਂਗ ਸੋਂਭਦਾ ਬੈਕੁੰਠ ਧਾਮ,
ਆਂਵਦਾ ਨਜ਼ਾਰਾ ਸੀ ਸੁਰਗ ਵਾਲੇ ਰਸਦਾ।
ਵੈਰੀ ਤੇ ਵਿਰੋਧੀ ਜਾਂ ਕਰੋਧੀ ਆਇਆ ਚੜ੍ਹਕੇ ਤੇ,
ਨਿਉਂ ਨਿਉਂ ਜਾਂਦਾ ਦੇਖ ਚਿਹਰਾ ਤੇਰਾ ਹੱਸਦਾ।



Namdhari Elibrary NamdhariElibrary@gmail.com

ਵਾਲ ਵਾਲ ਓਸਦਾ ਵੈਰਾਗੀ ਹੋਵੇ ਔਂਦਿਆਂ ਹੀ,
ਪਿਆਰ ਤੇਰਾ ਜਿਸਦੇ ਸੀ ਸੀਨੇ ਵਿਚ ਧਸਦਾ ।
ਆਵੇ ਜਾਂ ਸਵਾਲੀ, ਝੋਲੀ ਭਰਕੇ ਲਿਜਾਏ ਖਾਲੀ,
ਪਾਰਾਵਾਰ ਆਂਵਦ ਨਾ ਪੀਆ ਤੇਰੇ ਜੱਸਦਾ ।

ਇਕ ਵਾਰ ਜਿਸਦੇ ਸੀ ਕੰਨ ਵਿਚ ਫੂਕ ਮਾਰੀ,
ਫੇਰ ਨਾ ਉਹ ਜਮਾਂ ਵਾਲੀ ਫਾਹੀ ਵਿਚ ਫਸਦਾ ।
ਰਿੱਧਾਂ ਅਤੇ ਸਿੱਧਾਂ ਦਾ ਨਿਵਾਸ ਰਹਿੰਦਾ ਤੇਰੇ ਦਰ,
ਮੁਕਤੀ ਦਾ ਮੱਥਾ ਤੇਰੇ ਚਰਨਾ ਤੇ ਘੱਸਦਾ ।
ਪਾਤਸ਼ਾਹ ਦਾ ਪਾਤਸ਼ਾਹ ਤੇ ਪੀਰਾਂ ਦਾ ਸੈਂ ਪੀਰ ਵਡਾ,
ਗਰੀਬ ਤੇ ਅਮੀਰ ਤੇਰੀ ਨਿਗ੍ਹਾ ਵਿਚ ਵੱਸਦਾ ।
ਲੱਖਾਂ ਦਿਲਾਂ ਉੱਤੇ ਰਾਜਾ ਰਾਜ ਸੀ ਕਮਾਇਆ ਤੁਸੀਂ,
ਪਾਰਾਵਾਰ ਆਂਵਦਾ ਨਾ ਪੀਆ ਤੇਰੇ ਜੱਸਦਾ ।



Namdhari Elibrary NamdhariElibrary@gmail.com

# ਯਾਦ ਰਹੇਗਾ ਸਦਾ ਪਿਆਰ ਤੇਰਾ

**ਕਰਤਾਰ ਸਿੰਘ 'ਪੰਛੀ'**

ਰੱਬੀ ਨੂਰ 'ਪ੍ਰਤਾਪ' ਪਰਤਾਪ ਵਾਲੇ
ਮਾਹੀ ਵਾਂਗ ਨਗੀਨੇ ਤੂੰ ਦਗਦਾ ਸੈਂ ।
ਨਾਮਧਾਰੀ ਤਾਂ ਤੈਨੂੰ ਮਹਿਬੂਬ ਆਖਣ
ਐਪਰ ਯਾਰ ਤਾਂ ਤੂੰ ਸਾਰੇ ਜੱਗ ਦਾ ਸੈਂ ।
ਲੋਕੀ ਚੰਨ ਨੂੰ ਬੜਾ ਹਸੀਨ ਸਮਝਣ
ਸਾਨੂੰ ਚੰਨ ਤੋਂ ਸੋਹਣਾ ਤੂੰ ਲਗਦਾ ਸੈਂ ।
ਚੰਨ ਤਾਰਿਆਂ ਵਿਚ ਕੀ ਸੋਭ ਸਕਦੈ
ਜਿੰਨਾ ਸੰਗਤਾਂ ਵਿਚ ਤੂੰ ਫੱਬਦਾ ਸੈਂ ।
ਮੋਹ ਲੈਂਦੀ ਸੀ ਸੋਹਣੀ ਤਸਵੀਰ ਮਨ ਨੂੰ
ਨਾਲੇ ਬੋਲ ਸੀ ਕੇਡਾ ਗਮਖ਼ਾਰ ਤੇਰਾ ।
ਪਹਿਲੀ ਝਲਕ ਹੀ ਮੇਰਾ ਦਿਲਦਾਰ ਬਣਿਓਂ
ਯਾਦ ਰਹੇਗਾ ਸਦਾ ਪਿਆਰ ਤੇਰਾ ।

ਹਰੀ ਸਿੰਘ ਦਾ ਨਿੱਘਾ ਪਿਆਰ ਹੈ ਸੈਂ
ਜੀਵਨ ਕੌਰ ਦੀ ਅੱਖਾਂ ਦਾ ਨੂਰ ਸੀ ਤੂੰ ।
ਭੈਣੀ ਸਾਹਿਬ ਦੀ ਧਰਤ ਦਾ ਲਾਲ ਹੀਰਾ
'ਬੰਦੀ ਛੋੜ' ਤੇ ਵੱਡਾ ਹਜ਼ੂਰ ਸੀ ਤੂੰ ।
ਤੈਨੂੰ ਵੇਖ ਕੇ ਮਸਤ ਹੋ ਜਾਏ ਦੁਨੀਆ
ਸਾਕੀ ਨਾਮ ਦਾ ਨਿਰਾ ਸਰੂਰ ਸੀ ਤੂੰ ।
ਸਾਰੇ ਜੱਗ ਦਾ ਭਲਾ ਮਨਾਉਣ ਵਾਲੇ
ਸਾਰੇ ਜੱਗ ਦੇ ਵਿਚ ਮਸ਼ਹੂਰ ਸੀ ਤੂੰ ।
ਸਾਰੇ ਭੇਖਾਂ ਨੇ ਤੈਨੂੰ ਹਜ਼ੂਰ ਮੰਨਿਆ



Namdhari Elibrary NamdhariElibrary@gmail.com

ਚਰਨ ਛੋਹ ਕੇ ਕੀਤਾ ਸਤਿਕਾਰ ਤੇਰਾ ।
ਮੈਨੂੰ ਨਾਮ ਦੀ ਪੁੱਠ ਚੜ੍ਹਾਣ ਵਾਲੇ
ਯਾਦ ਰਹੇਗਾ ਸਦਾ ਪਿਆਰ ਤੇਰਾ ।

ਦੀਨਾ ਨਾਥ, ਗਰੀਬ ਨਿਵਾਜ਼ ਪ੍ਰੀਤਮ
ਰਾਖਾ ਗਊਆਂ ਦਾ ਸਾਡੜਾ ਕਾਨ੍ਹ ਸੀ ਤੂੰ ।
ਨਾਮ ਦਾਨ ਇਸ਼ਨਾਨ ਕਰਾਉਣ ਵਾਲੇ
ਕੂਕੇ ਪੰਥ ਦੀ ਉਚੱੜੀ ਸ਼ਾਨ ਸੀ ਤੂੰ ।
ਮਾਲਾ ਫੇਰਦਾ ਨਿਰਾ ਭਗਵਾਨ ਜਾਪੇਂ
ਖੀਵੇ ਮਸਤਾਂ ਦੀ ਧੜਕਦੀ ਜਾਨ ਸੀ ਤੂੰ ।
ਤੇਰਾ ਦਿਲ ਪਿਆਰ ਭੰਡਾਰ ਸੀਗਾ
ਚੰਨਾ ਪ੍ਰੀਤ ਦੀ ਡੂੰਘੜੀ ਖਾਨ ਸੀ ਤੂੰ ।
ਕਿੰਨਾ ਗਊ-ਗਰੀਬ ਲਈ ਲੁੜਦਾ ਸੈਂ
ਇਹੋ ਸਭ ਤੋਂ ਵੱਡਾ ਉਪਕਾਰ ਤੇਰਾ ।
ਤੇਰੇ ਆਖਿਆਂ ਮੋਏ ਵੀ ਜੀ ਪੈਂਦੇ
ਯਾਦ ਰਹੇਗਾ ਸਦਾ ਪਿਆਰ ਤੇਰਾ ।

ਤੇਰੀ ਯਾਦ ਵਿਚ ਜਦੋਂ ਕੁਝ ਲਿਖਣ ਲਗਦਾਂ
ਮੇਰੀ ਕਲਮ ਨੂੰ ਬੜਾ ਹੀ ਮਾਣ ਹੁੰਦੈ ।
ਮੈਂ ਤਾਂ ਐਦਾਂ ਮਦਹੋਸ਼ ਹੋ ਨੱਚ ਉਠਦਾਂ
ਜਿਵੇਂ ਲੱਭਿਆ ਨਵਾਂ ਜਹਾਨ ਹੁੰਦੈ ।
ਜਦੋਂ ਸਾਹਮਣੇ ਮੋਹਣੀ ਤਸਵੀਰ ਹੁੰਦੀ
ਮਾਲਾ ਫੇਰਦਾ ਨਿਰਾ ਭਗਵਾਨ ਹੁੰਦੈ ।
ਤੇਰੇ ਪਿਆਰ 'ਚੋਂ ਕਣੀ ਇਕ ਮਾਣਦਾ ਜੋ
ਉਹ ਜੱਗ ਵਿਚ ਪੂਰਾ ਇਨਸਾਨ ਹੁੰਦੈ ।
'ਪੰਛੀ' ਭਾਵੇਂ ਤੂੰ ਨਹੀਂ ਅੱਜ ਕੋਲ ਸਾਡੇ
ਅੱਖਾਂ ਸਾਹਵੇਂ ਹੈ ਜੋਤਿ ਆਕਾਰ ਤੇਰਾ ।
ਮੇਰੇ ਦਿਲ ਵਿਚ ਜ਼ਿੰਦਾ ਪ੍ਰੀਤ ਤੇਰੀ
ਯਾਦ ਰਹੇਗਾ ਸਦਾ ਪਿਆਰ ਤੇਰਾ ।



Namdhari Elibrary NamdhariElibrary@gmail.com

# ਪਰਉਪਕਾਰੀ

**ਕੁਲਜੀਤ ਸਿੰਘ 'ਜੀਤ'**

ਪ੍ਰਮ ਪਿਤਾ ਪ੍ਰਮੇਸ੍ਵਰ ਪਿਆਰੇ,
ਪਤਿਤ ਪਾਵਨ ਪ੍ਰਭ ਪਰ-ਉਪਕਾਰੀ ।
ਪਲ ਪਲ ਪਗ ਪਰਸੋਂ ਪ੍ਰਿਤਮ,
ਪ੍ਰਿਤਪਾਲਿਕ ਹੇ ਪਾਪ ਬਿਦਾਰੀ ।
ਪਾਰ ਬ੍ਰਹਮ ਪਰ ਸੁਆਰਥ ਕਾਰਨ,
ਪ੍ਰਗਟ ਭਏ ਹੋ ਬਨ ਪ੍ਰਿਤਪਾਰੀ ।
'ਜੀਤ' ਪਰੋਂ ਪਦ ਪੰਕਜ ਪੁਨ ਪੁਨ,
ਹਰਿ ਪ੍ਰਤਾਪ ਕਰੋ ਭਵ ਪਾਰੀ ।

ਕਰੁਣਾ ਕਰ ਕਰੁਣਾ ਨਿਧ ਕਰਤੇ,
ਮੈਂ ਕਿਰਪਨ ਕੇ ਕਸ਼ਟ ਨਿਵਾਰੋ ।
ਕੁਚਿਲ, ਕਠੋਰ, ਕਪਟਿ, ਕਾਮੀ ਹਉਂ,
ਕੂੜ ਕੁਟਿਲਤਾ ਕਰੋਧ ਨਿਵਾਰੋਂ ।
ਕੁਕ੍ਰਿਤ ਕਰਮ ਕਰਤ ਕੰਪਤ ਨਹਿੰ,
ਮਨ ਕੁਰੂਪ, ਕੰਚਨ ਕੋਡਿਆਰੇ ।
'ਜੀਤ' ਕਹਿਤ ਕਬਹੂੰ ਕਲਮਲ ਹਰਿ,
ਹਰ ਪਰਤਾਪ ਕਰਮ ਕਰ ਤਾਰੋਂ ।

ਗੁਰ ਪ੍ਰਮੇਸ੍ਵਰ, ਗੁਰ ਜਗਤੇਸ੍ਵਰ,
ਕਰਣ ਹਾਰ ਸਤਿਗੁਰ ਕਿਰਪਾਲਾ ।
ਗੁਰ ਮੁਕਤੇਸ੍ਵਰ, ਗੁਰ ਹਿਤੇਸ੍ਵਰ,
ਗੁਰ ਨਿਤ ਪ੍ਰਤੀ ਕਰਤ ਪ੍ਰਿਤਪਾਲਾ,



Namdhari Elibrary NamdhariElibrary@gmail.com

ਗੁਰ ਗੁਪਤੇਸੁਰ, ਗੁਰ ਨਿਰੇਸੁਰ,
ਗੁਰ ਇਤ ਓਤ ਸਦਹੀ ਰਖਵਾਲਾ ।
'ਜੀਤ' ਕਹਤ ਮਮ ਤਿਮਰ ਹਰੋ ਗੁਰ,
ਹਰਿ ਪਰਤਾਪ ਕਰੋ ਉਜਿਆਲਾ ।

ਦੇਹੀ ਨਗਰੀ ਨੌ ਦਰਵਾਜੇ,
ਇਸ ਮੈਂ ਜਨ ਰਾਜਾ ਸੁਲਤਾਨਾ ।
ਖਾਨ ਪਾਨ ਇੰਦਰੀ ਰਸ ਰਚਿਉ,
ਨਿਸ ਦਿਨ ਭਟਕਤ ਫਿਰਤ ਦੀਵਾਨਾ ।
ਹਉਂ ਰੋਕੋ, ਯਹ ਰੁਕਤ ਨਹੀਂ ਛਿਨ,
ਬਹੁਤ ਯਤਨ ਕਰ ਕਰ ਵਰਜਾਨਾ ।
'ਜੀਤ' ਕਰੋਂ ਹਥ ਜੋਰ ਬੇਨੰਤੀ,
ਹਰਿ ਪਰਤਾਪ ਹਰੋ ਮਮ ਮਾਨਾ ।

ਉਡਗਣ ਸਮ ਸੇਵਕ ਸਿਖ ਦਿਪਤਹਿ,
ਸਸੀ ਸਮਾਨ ਗੁਰੂ ਦਰਸੰਤੇ ।
ਪਾਰਦ-ਸਾਰਦ ਜਿਉਂ ਸ੍ਵੇਤੰਬਰ,
ਸੇਵਕ ਪਹਿਰ ਚਰਨ ਪਰਸੰਤੇ ।
ਛਾਡ ਸਕਲ ਕਉ ਆਸ ਭਰੋਸਉ,
ਜੋ ਸਤਿਗੁਰ ਕੀ ਸਾਮ ਤਕੰਤੇ ।
'ਜੀਤ' ਗੁਰੂ ਪਰਤਾਪ ਸਿੰਘ ਬਰ,
ਸੁੰਦਰ, ਜਗ ਕਉ ਪਾਰ ਲਘੰਤੇ ।

ਬਰਸਤ ਹੈਂ ਦੁਇ ਨੈਨ ਬਿਰਹ ਬਸ,
ਤਰਸਤ ਹੈ ਦਰਸਨੁ ਛਿਨ ਪਾਵਉਂ ।
ਦਰਸਨ ਪਿਆਸ ਬਹੁਤ ਮਨ ਮੇਰੇ,
ਬਿਨ ਮਿਲਬੇ ਬਹੁਬਿਧਿ ਅਕਲਾਵਉਂ ।
ਤੜਪਤ ਹੈ ਮਨ ਦੀਨ ਮੀਨ ਜਿਉਂ,
ਉਠ ਉਠ ਕਰਤਵ ਮਾਰਗ ਧਾਵਉਂ ।
'ਜੀਤ' ਬਿਓਗ ਰੋਗ ਤਨਿ ਲਾਗਾ,
ਬਿਲਪ ਕਰੇ ਜੀਅ ਕਬ ਦਰਸਾਵਉਂ ।

ਜਗਮਣ ਸਉਂ ਜਮਰਾਜ ਪੂਛਿਓ,
ਕਿਉਂ ਹਮਰੇ ਢਿਗ ਆਹਿ ਨ ਪਾਪੀ ?



Namdhari Elibrary NamdhariElibrary@gmail.com

ਹਾਥ ਜੋੜ ਜਮਦੂਤਨ ਕਹਿਓ,
ਸੁਨੋ ਪ੍ਰਭੂ ਹਮ ਕਹੇਂ ਅਲਾਪੀ।
ਮਾਤਾ ਜੀਊਣ ਕੌਰ ਗ੍ਰਹਿ ਪ੍ਰਗਟੇ,
ਹਰਿ ਪਰਤਾਪ ਅਟੱਲ ਪਰਤਾਪੀ।
ਕਿਰਪਾ ਦਰਿਸ਼ਟ ਕਰ ਉਨ ਅਵਿਲੋਕਯੋ,
ਉਧਰੇ ਲਖ ਪਾਪੀ-ਸੰਤਾਪੀ।
ਹੜਬੜਾਏ ਕਿਲਵਿਖ ਛਿਨ ਸੌਂ,
ਪਰੀ ਦੌਰਨ ਮੇਂ ਆਪਨ-ਧਾਪੀ।
'ਜੀਤ' ਨਾ ਪਾਪ ਰਹਿਓ ਅਬ ਕਹਿ ਹੂੰ,
ਬਿਨਸ ਗਏ ਪਾਪਨ ਜੜ੍ਹ ਖਾਪੀ।

ਕਮਲ ਪੰਖੜੀ ਸਰਸ ਨੈਨ ਦੁਇ,
ਮ੍ਰਿਦਲ ਬੈਨ, ਘਨ ਸਮ ਗਰਜੰਤੇ।
ਆਯੁਧ ਛਾਤੀ, ਭੁਜਾ ਖੜਕ ਜਿਉਂ,
ਮਧੁਰ ਚਾਲ ਗਜ ਜਿਉਂ ਗਮਨੰਤੇ।
ਗਊ ਗਰੀਬ ਰਖਸ਼ਕ ਪ੍ਰਿਤਪਾਲਕ,
ਖਿਮਾ ਅਹਿੰਸਾ ਧਰਮ ਦ੍ਰਿੜੰਤੇ।
ਸੁਚ-ਸੰਜਮ, ਸਿਮਰਨ, ਮਰਿਯਾਦਾ,
ਘਰ ਹੀ ਮੇਂ ਪਰਵਿਰਤ ਕਰੰਤੇ।
ਦੇਸ ਬਿਦੇਸਨ ਮੇਂ ਫਿਰ ਫਿਰ ਕਰ,
ਪਾਪਨ ਕੇ ਬਹੁ ਪੁੰਜ ਖਪੰਤੇ।
'ਜੀਤ' ਜਗਤ ਗੁਰ ਪਰ-ਉਪਕਾਰੀ,
ਗੁਰ ਪ੍ਰਤਾਪ ਸਿੰਘ ਬਲਵੰਤੇ।



Namdhari Elibrary NamdhariElibrary@gmail.com

## ਬੇਦਰਦ ਵਿਛੋੜੇ ਕੀ ਕੀਤਾ

**ਕੁਲਜੀਤ ਸਿੰਘ 'ਜੀਤ'**

ਬੇਦਰਦ ਵਿਛੋੜੇ ਕੀ ਕੀਤਾ,
ਬਿਰਹੋਂ ਦੀਆਂ ਤਾਣੀਆਂ ਤਣੀਆਂ ਨੇ ।
ਦਰਦਾਂ ਨੇ ਸੀਨਾ ਵਿੰਨ੍ਹ ਸੁਟਿਆ,
ਘਾਇਲ ਦਿਲ ਕੀਤਾ ਅਣੀਆਂ ਨੇ ।
ਮੁੱਕੀਆਂ ਨਹੀਂ ਅਜੇ ਵਿਜੋਗ ਦੀਆਂ,
ਘੜੀਆਂ ਇਹ ਏਨੀਆਂ ਘਣੀਆਂ ਨੇ ।
ਛਮ ਛਮ ਜੋ ਕਿਰਦੇ ਅੱਖੀਆਂ 'ਚੋਂ,
ਅੱਥਰੂ ਨਹੀਂ ਮੁਲ ਦੀਆਂ ਮਣੀਆਂ ਨੇ ।
ਇਹ ਟੀਸ ਹੈ ਮੇਰੇ ਹੰਝੂਆਂ ਦੀ,
ਲੋਕਾਂ ਲਈ ਮੀਂਹ ਦੀਆਂ ਕਣੀਆਂ ਨੇ ।
ਵੇਖੋ ਤੇ ਸਹੀ ਪ੍ਰਤਾਪ ਪ੍ਰਭੂ,
ਅੱਜ ਅੱਖੀਆਂ ਸਾਵਣ ਬਣੀਆਂ ਨੇ ।

ਕੋਇਲ ਦੀ ਕੂ—ਕੂ ਦਿਲ ਮੇਰੇ ਨੂੰ,
ਘਾਇਲ ਕਰਦੀ ਜਾਂਦੀ ਹੈ ।
ਤੇਰੇ ਬਿਨ ਲੇਫ ਤਲਾਈਆਂ ਦੀ,
ਸੇਜਾ ਪਈ ਵੱਢ ਵੱਢ ਖਾਂਦੀ ਹੈ ।
ਰੁੱਤ ਸੋਹਣੀ ਹਾਰ ਸ਼ਿੰਗਾਰਾਂ ਦੀ,
ਬਿਨ ਤੇਰੇ ਜੀ ਤੜਫਾਦੀ ਹੈ ।
ਘਨਘੋਰ ਘਟਾ ਮਨਮੋਹਣੀ ਇਹ,
ਸੋਂਹਦੀ ਨਹੀਂ, ਸਗੋਂ ਡਰਾਂਦੀ ਹੈ ।
ਜਾਣੇ ਕੋਈ ਕਦਰ ਵਿਛੋੜੇ ਦੀ,



Namdhari Elibrary NamdhariElibrary@gmail.com

ਕੀ ਜਾਨਣ ਜਣੀਆਂ ਖਣੀਆਂ ਨੇ ।
ਸਾਵਣ ਨੇ ਸਾਵਣ ਬਣਨਾ ਕੀ,
ਅੱਜ ਅੱਖੀਆਂ ਸਾਵਣ ਬਣੀਆਂ ਨੇ ।

ਬੇਸ਼ੱਕ ਲੋਆਂ ਤੁਰ ਗਈਆਂ ਨੇ,
ਬਰਸਾਤ ਪਿਆਰੀ ਆ ਗਈ ਏ ।
ਬੇਸ਼ੱਕ ਪੱਤਿਆਂ ਮੂੰਹ ਧੋ ਲਏ ਨੇ,
ਸ਼ਾਖੀਂ ਹਰਿਆਵਲ ਛਾ ਗਈ ਏ ।
ਬੇਸ਼ੱਕ ਹਨ ਪੌਣਾਂ ਰੁਮਕ ਪਈਆਂ,
ਮਸਤੀ ਵੀ ਖ਼ੁਦ ਨਸ਼ਿਆ ਗਈ ਏ ।
ਪਰ ਯਾਦ ਵਿਛੋੜੇ ਤੇਰੇ ਦੀ,
ਪਰਤਾਪ ਗੁਰੂ ਤੜਫਾ ਗਈ ਏ ।
ਕੀ ਜਾਣਾ ਅਸਰ ਨਾ ਕੀਤਾ ਕਿਉਂ,
ਮੇਰੇ ਜਾਦੂ ਮੰਤਰ ਮਣੀਆਂ ਨੇ ।
ਸਾਵਣ ਤਾਂ ਸਾਵਣ ਸੀ ਪਹਿਲਾਂ,
ਅੱਜ ਅੱਖੀਆਂ ਸਾਵਣ ਬਣੀਆਂ ਨੇ ।

ਮਹਿਮਾ ਕੋਈ ਤੇਰੀ ਕੀ ਜਾਣੇ,
ਤੇਰੇ ਸਭ ਚੋਜ ਨਿਰਾਲੇ ਨੇ ।
ਉਹ ਬੁਝਣੇ ਨਹੀਂ ਬੁਝਾਇਆਂ ਵੀ,
ਭਾਂਬੜ ਜੋ ਦਿਲ ਤੂੰ ਬਾਲੇ ਨੇ ।
ਤਾਰੇ ਨਹੀਂ ਅਰਸ਼ੀਂ ਚਮਕਣ ਜੋ,
ਇਹ ਦਿਲ ਮੇਰੇ ਦੇ ਛਾਲੇ ਨੇ ।
ਉਹ ਕੂਕਾਂ ਦੇਂਦੇ ਫਿਰਦੇ ਨੇ,
ਜੋ ਕੀਤੇ ਤੂੰ ਮਤਵਾਲੇ ਨੇ ।
ਕਿਉਂ ਵੇਦਨ 'ਜੀਤ' ਨ ਸੁਣਦੇ ਹੋ,
ਮੁੜ ਮੁੜ ਅਰਜੋਈਆਂ ਭਣੀਆਂ ਨੇ ।
ਸਤਿਗੁਰ ਜੀ, ਵਿੱਚ ਵਿਛੋੜੇ ਦੇ
ਅੱਖੀਆਂ ਅੱਜ ਸਾਵਣ ਬਣੀਆਂ ਨੇ ।



Namdhari Elibrary NamdhariElibrary@gmail.com

## ਸਤਿਗੁਰ ਪੂਰਾ

**ਰੂਸ਼ੱਲਿਆ ਗੁਲਸ਼ਨ**

ਗੋਬਿੰਦ ਜਿਹਾ ਮੜੰਗਾ ਜਿਸਦਾ,
ਸੰਖਾਂ ਜਿਹੀਆਂ ਅੱਖਾਂ ।
ਜਿਸਦੇ ਚਿਹਰੇ ਗਿਰਦ ਘੁੰਮਦੇ,
ਚੰਦ ਸਿਤਾਰੇ ਲੱਖਾਂ ।

ਜਿਸ ਦੀਆਂ ਬੇਪਰਵਾਹੀਆਂ ਅੱਗੇ,
ਤੁਛ ਸੀ ਮਾਲ ਖ਼ਜ਼ਾਨੇ ।
ਜਿਸ ਦੀ ਬਖਸ਼ਿਸ਼ ਅੱਗੇ ਝੁਕਦੇ,
ਦੇਖੇ ਸ਼ਾਹੀ ਦਾਨੇ ।

ਉਹ ਦਾਨਾ, ਉਹ ਬੀਨਾ ਮੇਰਾ,
ਉਹ ਸਤਿਗੁਰ ਪਰਤਾਪੀ ।
ਜਿਸ ਨੇ ਕੀਤੀ ਕੰਚਨ ਵੰਨੀ,
ਹਿੰਦ ਦੀ ਰੂਹ ਸਰਾਪੀ,

ਜਿਸ ਦੇ ਪਿਤਰਾਂ ਦੇਸ਼ ਵਾਸਤੇ,
ਹੱਥ ਵਿਚ ਖੰਡਾ ਫੜਿਆ ।
ਚੀਨੀ ਵਾਲਾ ਸੋਧਣ ਦੇ ਲਈ,
ਪਰਤ ਲੋਕਾਈ ਚੜ੍ਹਿਆ ।

ਜਿਸ ਦਾ ਪਿੱਛਾ ਸੀ ਇਤਿਹਾਸਕ
ਬਾਜ਼ਾਂ ਤਾਜਾਂ ਵਾਲਾ ।



Namdhari Elibrary NamdhariElibrary@gmail.com

ਚਰਖੜੀਆਂ ਤੇ ਚੜ੍ਹਨੇ ਵਾਲਾ,
ਧਰਮੀ ਕਾਜਾਂ ਵਾਲਾ ।

ਉਹ ਸਤਿਗੁਰ ਪਰਤਾਪ ਸਿੰਘ ਸੀ,
ਉਹ ਸੀ ਸਤਿਗੁਰ, ਸੂਰਾ ।
ਉਹ ਸੀ ਕਥਨੀ ਦਾ ਵੀ ਪੂਰਾ,
ਕਰਨੀ ਦਾ ਵੀ ਪੂਰਾ ।

ਉਸ ਨੇ ਆਖਿਆ ਦੇਸ਼ ਵਾਸੀਓ—
ਆਵੋ ਏਕਾ ਕਰੀਏ ।
ਦੇਸ਼ ਵਾਸਤੇ ਜੀਵਨ ਲਾਈਏ,
ਦੇਸ਼ ਵਾਸਤੇ ਮਰੀਏ ।

ਦੇਸ਼ ਪ੍ਰੇਮ ਵਿਚ ਭਿੱਜੇ ਉਸ ਦੇ
ਬੋਲ ਇਸ ਤਰ੍ਹਾਂ ਗੂੰਜੇ ।
ਨਫ਼ਰਤ, ਵੈਰ, ਵਿਰੋਧ, ਦਲਿੱਦਰ
ਗਏ ਦੇਸ਼ 'ਚੋਂ ਹੂੰਝੇ ।

ਹੌਸਲਿਆਂ ਦੀਆਂ ਜੋਤਾਂ ਜਗੀਆਂ
ਗੱਭਰੂ ਡੌਲੇ ਫਰਕੇ ।
ਜਿੰਦਾਂ ਵਾਰਨ ਲੋਕੀਂ ਨਿਕਲੇ
ਸੀਸ ਤਲੀ ਤੇ ਧਰ ਕੇ ।

ਨਾ-ਮਿਲਵਰਤਣ ਸ਼ਸਤਰ ਬਣਿਆ
ਨਾਮਧਾਰੀਆਂ ਵਾਲਾ ।
ਉੱਧਰ ਸੀ ਤੋਪਾਂ ਬੰਦੂਕਾਂ
ਏਧਰ ਉੱਨ ਦੀ ਮਾਲਾ ।

ਜਾਬਰ, ਤੇ ਮਗ਼ਰੂਰ ਡਿਗ ਪਿਆ
ਆਖਰ ਸਾਬਰ ਅੱਗੇ ।
ਹੋਏ ਸੁਤੰਤਰ ਹਿੰਦੀ ਸਾਰੇ
ਘਰ ਘਰ ਦੀਵੇ ਜੱਗੇ ।

ਨੂਰੋਂ ਨੂਰ ਮੁਬਾਰਕ ਚਿਹਰਾ,
ਇਕ ਸ਼ਖਸੀਤ ਸਿਆਣੀ ।
ਜਿਸ ਦੇ ਦਰਸ਼ਨ ਪਾ ਕੇ ਲੋਕਾਂ
ਰੱਬ ਦੀ ਸ਼ਕਲ ਪਛਾਣੀ ।



Namdhari Elibrary NamdhariElibrary@gmail.com

## ਰਸਨਾ ਤੇ ਤੱਕਣੀ

**ਆਤਮਾ ਸਿੰਘ ਸਨਖਤ੍ਰਵੀ**

**ਰਸਨਾ**

ਹਰ ਇਕ ਮੂੰਹ ਦੇ ਅੰਦਰ ਭਾਵੇਂ ਕੁਦਰਤ ਨੇ ਬੈਠਾਰੀ ਰਸਨਾ ।
ਠੰਢੇ ਤਤੇ ਕੌੜੇ ਮਿੱਠੇ, ਤੱਤਾਂ ਨੂੰ ਪਰਖਣ ਹਾਰੀ ਰਸਨਾ ।

ਐਪਰ ਗੁਰੂ ਪ੍ਰਤਾਪ ਦੇ ਮੁਖ ਵਿਚ ਹੈ ਸੀ ਸਭ ਤੋਂ ਨਿਆਰੀ ਰਸਨਾ ।
ਨਾਮ ਅੰਮ੍ਰਿਤ ਦਾ ਸੋਮਾ ਝਰਦੀ ਹਰਦਮ ਝਰਨੇ ਹਾਰੀ ਰਸਨਾ ।

ਅੰਮ੍ਰਿਤ ਬਚਨ ਉਚਾਰਨ ਕਰਦੀ ਅਮਿਓ ਪਿਆਵਨ ਹਾਰੀ ਰਸਨਾ ।
ਵਰਦਾਨਾਂ ਦੀਆਂ ਦਾਤਾਂ ਵੰਡਦੀ ਦਾਤਾਂ ਦੀ ਪਟਾਰੀ ਰਸਨਾ ।

ਦੋਸ਼ੀਆਂ ਨੂੰ ਝਟ ਬਖਸ਼ਿਸ਼ ਕਰਦੀ ਬਖਸ਼ਿਸ਼ਾਂ ਦੀ ਭੰਡਾਰੀ ਰਸਨਾ ।
ਸੁੰਦਰ ਬਦਨ ਸਦਨ ਦੇ ਅੰਦਰੋਂ ਸਭ ਲਈ ਸਵਾਗਤ ਕਾਰੀ ਰਸਨਾ ।

ਚਾਰ ਪਦਾਰਥ ਦੇਵਣ ਵਾਲੀ ਉਹ ਸੀ ਇਕ ਦਾਤਾਰੀ ਰਸਨਾ ।
ਸਭ ਬਿਗਾਨੇ ਆਪਣੇ ਕਰਦੀ ਮਿੱਠਾ ਬੋਲਣ ਹਾਰੀ ਰਸਨਾ ।

ਵਾਂਗ ਸਿੰਘ ਦੇ ਸ਼ਕਤੀਸ਼ਾਲੀ ਭਗਤੀ ਸਿੰਚਨ ਹਾਰੀ ਰਸਨਾ ।
ਸੱਚੇ ਵਾਕ ਉਚਾਰਨ ਵਾਲੀ ਬਿਨਾ ਝਿਜਕ ਸਚਿਆਰੀ ਰਸਨਾ ।

ਇਕੋ ਬਚਨ ਨਾਲ ਖਿੱਚ ਲੈਂਦੀ ਦਰਸ਼ਕ ਖਿੱਚਣਹਾਰੀ ਰਸਨਾ ।
ਦੁੱਖੀਆਂ ਦੇ ਦੁੱਖ ਦੂਰ ਕਰਨ ਨੂੰ ਸੰਜੀਵਨੀ ਸੀ ਉਪਚਾਰੀ ਰਸਨਾ ।

ਬੈਠੀ ਜਿਸ ਤੇ ਆਪ ਸੁਰਸਤੀ ਉਹ ਸੀ ਸੇਜ ਸਿੰਗਾਰੀ ਰਸਨਾ ।
ਹਾਰ ਅਮੁੱਲੇ ਜੋ ਪਰੋਂਦੀ ਸੀ ਉਹ ਫੁਲਿਣਹਾਰੀ ਰਸਨਾ ।

ਸੁਰ ਸੰਗੀਤ ਨੂੰ ਪਰਖਣ ਵਾਲੀ ਹੈ ਸੀ ਗਾਵਨਹਾਰੀ ਰਸਨਾ ।
ਮਾਨਵ ਏਕਤਾ ਪਿਆਰ ਸਿਖਾਉਂਦੀ ਬਣ ਕੇ ਪ੍ਰੇਮ ਪੁਜਾਰੀ ਰਸਨਾ ।



Namdhari Elibrary NamdhariElibrary@gmail.com

ਲੱਖਾਂ ਦਰਸ਼ਕ ਹੋਵਣ ਭਾਵੇਂ ਸਭ ਨਾਲ ਬੋਲਣ ਹਾਰੀ ਰਸਨਾ।
ਵਾਂਗ ਤੀਰ ਦੇ ਮਨ ਨੂੰ ਬੇਧੇ ਨਾਲ ਬਾਣੀ ਅਣੀਆਰੀ ਰਸਨਾ।

ਟੇਪ ਉਪਦੇਸ਼ਾਂ ਵਿਚੋਂ ਅਜ ਭੀ ਭਾਸੇ ਉਹ ਮਧੁਰਾੜੀ ਰਸਨਾ।
ਗੁਰੂ ਜਗਜੀਤ ਲੜ ਲਾ ਗਈ ਕੂਕੇ ਜੋ ਸੀ ਜਾਂਦੀ ਵਾਰੀ ਰਸਨਾ।

ਉਹੋ ਦਰਸ਼ਨ ਉਹੋ ਪਰਸਨ ਸੀ ਪ੍ਰਤੱਖ ਨਿਹਾਰੀ ਰਸਨਾ।
ਅਮਰ "ਆਤਮਾ" ਜੁਗ ਜੁਗ ਰਹਿਸੀ ਗੁਰੂ ਪ੍ਰਤਾਪ ਦੀ ਪਿਆਰੀ ਰਸਨਾ।

## ਮਿਕਨਾਤੀਸੀ ਤੱਕਣੀ

ਮੇਰੇ ਮਾਹੀ ਪ੍ਰਤਾਪ ਗੁਰੂ ਦੀ ਡਾਢੀ ਸੀ ਅਕਸੀਰ ਤੱਕਣੀ।
ਲੰਘ ਨੈਣਾਂ 'ਚੋਂ ਦਿਲ ਤੇ ਪੈਂਦੀ ਦਿੰਦੀ ਮਨ ਨੂੰ ਧੀਰ ਤੱਕਣੀ।

ਕੰਵਲ ਸਮਾਨ ਨੇਤਰਾਂ ਵਿਚੋਂ ਨਿਕਲੇ ਵਾਂਗ ਸਮੀਰ ਤੱਕਣੀ।
ਬਿਸਮਿਲ ਕਰਦੀ ਉਡਦੀਆਂ ਰੂਹਾਂ ਹੈ ਸੀ ਉਡਣਾ ਤੀਰ ਤੱਕਣੀ।

ਇਕੋ ਵਾਰ ਤਕਿਆਂ ਹੈ ਸੀ ਬਦਲ ਦਿੰਦੀ ਤਕਦੀਰ ਤੱਕਣੀ।
ਪਲਕ ਝਲਕ ਵਿਚ ਬਖਸ਼ ਦੇਵੰਦੀ ਲੱਖ ਗੁਨਾਹ ਤਕਸੀਰ ਤੱਕਣੀ।

ਲੱਖਾਂ ਰਾਂਝੇ ਜੋਗੀ ਕਰ ਗਈ ਬਣ ਕੇ ਸਭ ਦੀ ਹੀਰ, ਤੱਕਣੀ।
ਪਲ ਵਿਚ ਅਕਸ ਸੀ ਉਹ ਖਿੱਚ ਲੈਂਦੀ ਕੈਮਰੇ ਸਮ ਝਲਕੀਰ ਤੱਕਣੀ।

ਮੁਨਕਰ ਨੂੰ ਸ਼ੈਦਾਈ ਕਰਦੀ ਪ੍ਰੇਮ ਭਰੀ ਤਕਦੀਰ ਤੱਕਣੀ ?
ਦੀਦ ਪਿਆਸੇ ਦਰਸ਼ਕ ਦੇ ਲਈ ਗੰਗਾ ਦਾ ਸੀ ਨੀਰ ਤੱਕਣੀ।

ਲੱਖ ਹਜ਼ਾਰਾਂ ਕਾਸੇ ਭਰਦੀ ਰਹਿਮਤ ਭਰੀ ਅਮੀਰ ਤੱਕਣੀ।
ਰਿਧਾਂ ਸਿਧਾਂ ਨਿਧਾਂ ਪਾ ਕੇ ਹੈ ਸੀ ਫੇਰ ਫਕੀਰ ਤੱਕਣੀ।

ਬੇ ਸਹਾਰੇ ਸਿੱਖਾਂ ਵਾਸਤੇ ਹੈ ਸੀ ਮਦਦਗੀਰ ਤੱਕਣੀ।
ਸੋਕ ਸਾਗਰੋਂ ਪਲ ਵਿਚ ਕੱਢਦੀ ਮਾਨੋ ਮਾਹੀਗੀਰ ਤੱਕਣੀ।

ਉਸ ਦਾ ਭੇਤ ਕਿਸੇ ਨ ਪਾਇਆ ਡਾਢੀ ਸੀ ਗੰਭੀਰ ਤੱਕਣੀ।
ਕਾਲ ਕੈਮਰੇ ਨਾਲ ਲੁਹਾ ਕੇ ਦੇ ਗਿਆ ਜੋ ਤਸਵੀਰ ਤੱਕਣੀ।

ਨਵੇਂ ਮੁਰੀਦ ਮੁਠਣ ਦੀ ਖਾਤਰ ਗਈ ਪ੍ਰਲੋਕ ਅਖੀਰ ਤੱਕਣੀ।
ਹਰ ਦਰਸ਼ਕ ਨੂੰ ਯਾਦ ਰਹੇਗੀ "ਆਤਮਾ" ਆਲਮਗੀਰ ਤੱਕਣੀ।



Namdhari Elibrary NamdhariElibrary@gmail.com

# ਸੋਮਾ ਰਹਿਮਤਾਂ ਦਾ

**ਹਰਭਜਨ ਸਿੰਘ "ਪਰਵਾਨਾ"**

ਯਾਦਾਂ ਵਾਲੀ ਪੱਟੀ ਉਤੇ, ਗੁਰੂ ਪਰਤਾਪ ਜੀ ਦੀ,
ਉੱਕਰੀ ਏ ਯਾਦ ਜਿਵੇਂ, ਕਲ੍ਹ ਦੀ ਹੀ ਗੱਲ ਏ ।
ਗੁਰੂ ਜਗਜੀਤ, ਬੀਰ, ਰਾਮ ਲਛਮਨ ਵਾਂਗ,
ਰਹੇ ਤੇਰੇ ਸਾਥ ਸਾਥ ਔਕੜਾਂ ਨੂੰ ਝੱਲ ਏ ।
ਭੁੱਲੇ ਨਾ ਪਿਆਰ ਉਪਕਾਰ ਤੇਰਾ ਦਿਲਦਾਰ,
ਡੁਲ੍ਹ ਡੁਲ੍ਹ ਪੈਣ ਨੈਣ, ਹੋਯਾ ਜਿਵੇਂ ਝੱਲ ਏ ।
ਸੁੰਦਰ, ਸੁਡੌਲ, ਕੱਦ, ਭਰਵਾਂ ਨੂਰਾਨੀ ਮੁਖ,
ਘੁੰਮਦਾ ਇਹ ਅੱਖਾਂ ਅੱਗੇ ਹਰ ਘੜੀ ਪਲ ਏ ।
ਕੇੜ੍ਹਾ ਕੇੜ੍ਹਾ ਗੁਣ ਓਦ੍ਹਾ, ਅੱਖੀਓਂ ਪਰੋਖੇ ਕਰਾਂ,
ਸਿਫ਼ਤਾਂ ਦਾ ਖੜਾ ਕਿਵੇਂ ਕਰਾਂ ਮੈਂ ਮਹੱਲ ਏ ।
ਹਰ-ਫਨ ਮੌਲਾ ਅਤੇ, ਹਰਦਿਲ ਅਜ਼ੀਜ਼ ਹੈ ਸੀ,
ਖੇਤਰ ਹਰੇਕ ਵਿਚ, ਮਾਰੀ ਸਦਾ ਮੱਲ ਏ ।
ਪਾਰਖੂ ਸੀ ਅੱਖ ਜਿਦ੍ਹੀ, ਪਰਖ ਇਲਾਕਾ ਲਿਆ,
ਭੁੱਜਦੀ ਸੀ ਭੰਗ ਜਿੱਥੇ, ਅਜ ਜਲ ਥਲ ਏ ।
ਲਛਮੀ ਭੰਡਾਰ ਲੈ ਕੇ, ਦੌਲਤਾਂ ਦਾ ਫਿਰੇ ਜਿੱਥੇ,
ਡਿੱਠਾ ਸਾਖਿਅਤ ਨਿਗ੍ਹਾ ਨਾਲ ਔਂਦਾ ਕਲ੍ਹ ਏ ।
ਨੱਚਦਾ ਸੀ ਕਾਲ ਜਿੱਥੇ ਕਈ ਕਈ ਸਾਲਾਂ ਤਕ,
ਹੋ ਰਹੀ ਅਜ ਉਹਦੀ ਵੇਖੋ ਬਲਬਲ ਏ ।
ਖੱਦ੍ਹਾਂ ਨੂੰ ਤਰਸਦੇ ਸੀ ਜੇੜ੍ਹੇ, ਓਨ੍ਹਾਂ ਅੱਖਾਂ ਉੱਤੇ,
ਟਿਕਦੀ ਨਾ ਢਾਕੇ ਦੀ ਮਹੀਨਾ ਮਲਮਲ ਏ ।
ਜੀਪਾਂ ਤੇ ਟ੍ਰੈਕਟਰਾਂ ਦੀ ਨਹੀਂ ਰਹੀ ਗੱਲ ਹੁਣ,
ਫੀਅਟਾਂ ਮਾਰੂਤੀਆਂ ਦਾ ਪੈ ਗਿਆ ਹੱੜਲ ਏ ।



Namdhari Elibrary NamdhariElibrary@gmail.com

ਕੱਚੇ ਕੋਠੇ ਢਾਰਿਆਂ ਦੀ, ਥਾਂਈਂ ਅਜ ਕੋਠੀਆਂ ਨੇ,
ਬਾਗ਼ਾਂ ਤੇ ਬਗੀਚਿਆਂ 'ਚੋਂ ਮਿਲੇ ਹਰ ਫਲ ਏ ।
ਵੇਖਿਆ ਨਿਰਾਸ ਨਹੀਂ ਕਦੀ ਜਾਂਦਾ ਓਦ੍ਹੇ ਦਰੋਂ,
ਰੱਖ ਜੋ ਭਰੋਸਾ ਬੈਠਾ ਆਨ ਬੂਹਾ ਮੱਲ ਏ ।
ਮੌਤ ਨਾਲ ਘੁਲਦੇ ਨੇ ਫੜੀ ਜਦੋਂ ਓਟ ਓਹਦੀ,
ਨਸੀ ਜਾਂਦੀ ਮੌਤ ਵੇਖੀ, ਛਡ ਓਸੇ ਪਲ ਏ ।
ਪੁੱਤ੍ਰਾਂ ਦੀ ਦਾਤ ਜਿਹੜੀ ਹੁੰਦੀ ਦੁਰਲੱਭ ਜਗ,
ਗਿਆ ਭਰ ਝੋਲੀ ਆਯਾ ਜੋ ਵੀ ਦਰ ਚੱਲ ਏ ।
ਅਮਨ ਤੇ ਏਕਤਾ ਦਾ, ਜ਼ਾਹਰ ਮੁਜੱਸਮਾ ਸੀ,
ਸੋਮਾ ਸੀ ਮੁਹੱਬਤਾਂ ਦਾ ਖਿਨਾਂ ਵਲ ਛਲ ਏ ।
ਕੱਟਦਾ ਚੁਰਾਸੀਆਂ, ਖੁਲ੍ਹੇ ਦਿਲ ਨਾਮ ਦੇ ਕੇ,
ਹਉਮੈਂ ਰੋਗ ਮੇਟਦਾ ਜੋ ਮਹਾਂ ਪ੍ਰਬੱਲ ਏ ।
ਸਰੇ-ਆਮ ਸੁਣਦਾ ਸੀ ਦੁਖੜੇ ਗਰੀਬਾਂ ਵਾਲੇ,
ਪੈਂਦਾ ਖੜਕਾਣਾ ਨਾ ਸੀ ਜਾ ਕੇ ਕੋਈ ਟੱਲ ਏ ।
ਹਾਏ ਅਫ਼ਸੋਸ !! ਸਾਡੇ ਸਿਰਾਂ ਦਾ ਸਾਈਂ ਜਾਕੇ
ਥੈਠ ਗਿਆ ਅਣ ਦੱਸੀ ਥਾਂ ਕਿਹੜੀ ਮੱਲ ਏ ।
ਰਾਤ ਪੰਜ ਭਾਦਰੋਂ ਦੀ ਭੁੱਲੇ ਨਾ ਕਿਆਮਤਾਂ ਦੀ,
ਢੱਠ ਗਿਆ ਜਦੋਂ ਸਾਡੇ ਸੁੱਖਾਂ ਦਾ ਮਹੱਲ ਏ ।
ਦਰਦੀ ਮਾਨੁੱਖਤਾ ਦਾ, ਹਾਮੀ ਮਜ਼ਲੂਮਾਂ ਸੰਦਾ,
ਤੁਰ ਗਿਆ ਲਾਕੇ ਸੀਨੇ ਹਿਜਰਾਂ ਦਾ ਸੱਲ ਏ ।
ਕੂਕਾਂ ਕੁਰਲਾਹਟਾਂ ਸੀ ਕੰਬਾ ਦਿਤਾ ਆਸਮਾਨ,
ਸੰਗਤਾਂ 'ਚ ਹਾਹਾਕਾਰ ਮੱਚੀ ਤਰਥੱਲ ਏ ।
ਵਡੇ ਵਡੇ ਨਬੀ ਪੀਰਾਂ, ਹਾਜੀਆਂ ਪੈਗ਼ੰਬਰਾਂ ਤੋਂ
ਕਿਸੇ ਤਰ੍ਹਾਂ ਕਦੀ ਵੀ ਨਾ ਸਮਾਂ ਹੋਯਾ ਠਲ੍ਹ ਏ ।
ਲਿਖੀ ਅਨੁਸਾਰ ਸਾਡਾ ਰੱਬ ਸਾਥੋਂ ਖੁੱਸ ਗਿਆ,
ਬੈਠੇ ਝਾੜ ਕੰਨੀਆਂ ਤੇ ਹਾਰ ਬਾਹੂਬਲ ਏ ।



Namdhari Elibrary NamdhariElibrary@gmail.com

## ਰੁਬਾਈਆਂ

**ਹਰਸਾ ਸਿੰਘ 'ਬਾਠ'**

ਗੁਰੂ ਪ੍ਰਤਾਪ ਪਿਆਰ ਤੇਰੇ ਦੀਆਂ, ਪੈਂਦੀਆਂ ਮਨ ਵਿਚ ਚੀਸਾਂ ।
ਜੀਵਨ 'ਬਾਠ' ਦਾ ਯਾਦ ਹੈ ਤੇਰੀ, ਤੇਰੀ ਯਾਦ 'ਚ ਜੀਸਾਂ ।
ਗੁਰੂ ਜਗਜੀਤ ਦੀ ਜੋਤ ਦੇ ਵਿਚੋਂ ਪਾ ਕੇ ਦਰਸ਼ਨ ਤੇਰਾ,
ਜੀਵਨ ਦੇ ਸਾਹਾਂ ਦੀਆਂ ਘੜੀਆਂ ਤੇਰੇ ਵੱਲ ਘੜੀਸਾਂ ।

ਗੁਰੂ ਪ੍ਰਤਾਪ ਪਿਆਰੇ ਪ੍ਰੀਤਮ ਪੰਥ ਤੇਰਾ ਪ੍ਰਫੁੱਲੇ,
ਅਮਨ ਏਕਤਾ ਸ਼ਾਂਤੀ ਵਾਲਾ, ਝੰਡਾ ਤੇਰਾ ਝੁੱਲੇ ।
ਨਾਮ ਤੇਰੇ ਦਾ ਡੰਕਾ ਵੱਜੇ, ਵੱਜੇ ਚੋਟ ਨਗਾਰੇ,
ਗੁਰੂ ਜਗਜੀਤ ਦੀ ਜੋਤ ਦੇ ਵਿੱਚੋਂ, ਦਰਸ਼ਨ ਹੋਵਣ ਖੁੱਲ੍ਹੇ ।

ਤੇਰੇ ਉਪਕਾਰਾਂ ਦਾ ਪ੍ਰੀਤਮ ਪਾਰਾਵਾਰ ਨਾ ਕੋਈ
ਜਿਸ ਨੂੰ ਕਿਸੇ ਵੀ ਮੂੰਹ ਨਾ ਲਾਇਆ, ਤੂੰ ਦਿੱਤੀ ਉਸ ਢੋਈ ।
ਜੀਵਨ ਨਗਰ ਇਲਾਕੇ ਦੇ ਵਿਚ, ਕੀਤੀ ਤੂੰ ਜੋ ਬਖਸ਼ਿਸ਼,
ਕਣ ਕਣ ਵਿਚੋਂ ਉਸ ਬਖਸ਼ਿਸ਼ ਦੀ 'ਬਾਠ' ਆਵੇ ਖੁਸ਼ਬੋਈ ।

ਖੁਸ਼ੀਆਂ ਦਾ ਭੰਡਾਰਾ ਖੁਲ੍ਹਾ ਰਖੀਂ ਅਟੱਲ ਪ੍ਰਤਾਪੀ ।
ਯਾਦ ਤੇਰੀ ਵਿਚ ਜੀਵਨ ਬੀਤੇ, ਭੁਲੇਂ ਨਹੀਂ ਕਦਾਪੀ ।
ਮਿਹਰ ਕਰੀਂ ਮਿਹਰਾਂ ਦੇ ਸਾਈਆਂ, 'ਬਾਠ' ਦੀ ਇਹ ਅਰਜ਼ੋਈ,
ਔਗੁਣ 'ਬਾਠ' ਦੇ ਨਾਹਿੰ ਚਿਤਾਰੀਂ, ਨਾ ਹੀ ਕਦੀਂ ਸਰਾਪੀਂ ।

ਗੁਰੂ ਜਗਜੀਤ ਦੇ ਚਰਨਾਂ ਦੇ ਵਿਚ, 'ਬਾਠ' ਕਰੇ ਅਰਜ਼ੋਈ,
ਗਿਆਨ ਧਿਆਨ ਕਿਛ ਕਰਮ ਨਾ ਜਾਣਾ, ਬਖਸ਼ਿਸ਼ ਦੇਵਹੁ ਢੋਈ ।
ਮੈਨੂੰ ਨਾ ਕਸਵੱਟੀ ਪਰਖੋ, ਪੂਰਾ ਉਤਰ ਨਾ ਸੱਕਾਂ,
'ਬਾਠ' ਨੂੰ ਚਰਨੀਂ ਲਾਈ ਰੱਖੋ, ਨੈਣੀ ਰੱਖੋ ਸਮੋਈ ।



Namdhari Elibrary NamdhariElibrary@gmail.com

## ਸ਼ਤਾਬਦੀ

**ਹਰਸਾ ਸਿੰਘ 'ਬਾਠ'**

ਗੁਰੂ ਪ੍ਰਤਾਪ ਸਿੰਘ, ਵੱਡੇ ਪ੍ਰਤਾਪ ਵਾਲੇ,
ਕਰਾਂ ਕੀ ਸਿਫਤ ਤੇਰੇ ਮੁੱਖੜੇ, ਸ਼ਬਾਬ ਦੀ ।
ਵੇਖ ਕੇ ਜਲਾਲ ਤੇਰਾ ਸੂਰਜ ਸੀ ਸਹਿਮ ਜਾਂਦਾ,
ਰੌਸ਼ਨੀ ਸੀ ਮਿਟ ਜਾਂਦੀ ਰੱਬੀ ਆਫਤਾਬ ਦੀ ।
ਵੇਖ ਮੁਸਕਾਨ ਤੇਰੀ ਮੁਖੜੇ ਨੂਰਾਨੀ ਵਾਲੀ,
ਹਾਸੀ ਮਾਤ ਪੈ ਜਾਂਦੀ ਖਿੜੇ ਹੋਏ ਗੁਲਾਬ ਦੀ ।
ਕੂਕੇ ਮਸਤਾਨੇ ਤੇ ਦੀਵਾਨੇ ਹੁੰਦੇ ਲੋਟ ਪੋਟ,
ਮਿੱਠੀ ਤਾਨ ਸੁਣ ਤੇਰੇ ਰੰਗੁਲੇ ਰਬਾਬ ਦੀ ।
ਤੇਰੀ ਇੱਕੋ ਤੱਕਣੀ ਨੇ ਤਾਰ ਦਿੱਤੇ ਲੱਖਾਂ ਲੋਕ,
ਧੌਣ ਝੁਕ ਗਈ ਝੱਟ ਨਾਦੂ ਖਾਂ ਨਵਾਬ ਦੀ ।
ਕਰ ਕਰ ਯਾਦ ਤੈਨੂੰ ਤੇਰੇ ਗੁਣ ਗਾਂਵਦੇ ਹਾਂ,
ਗੁਰੂ ਪ੍ਰਤਾਪ ਤੇਰੀ ਆਈ ਹੈ ਸ਼ਤਾਬਦੀ ।

ਗੁਰੂ ਪ੍ਰਤਾਪ ਤੇਰੀ ਯਾਦ ਹੈ ਅਨੋਖੀ ਯਾਦ,
ਯਾਦ, ਯਾਦ ਵਿੱਚ ਯਾਦ ਆਉਂਦੀ ਹੈ ਜਨਾਬ ਦੀ ।
ਕੰਗਲੇ ਗਰੀਬਾਂ ਤਾਂਈ ਕਰ ਦਿੱਤਾ ਮਾਲਾ ਮਾਲ,
ਐਸੀ ਸੀ ਅਸ਼ੀਰਵਾਦ ਆਪ ਦੇ ਸਵਾਬ ਦੀ ।
ਤੇਰੇ ਉਪਕਾਰਾਂ ਦਾ ਜੇ ਕਰੇ ਕੋਈ ਲੇਖਾ ਜੋਖਾ,
ਲੇਖਾ ਕਰ ਸਕੇ ਨਾ ਕਿਤਾਬ ਜੋ ਹਿਸਾਬ ਦੀ ।
ਸੁਪਨੇ ਦੇ ਵਿੱਚ ਵੀ ਆ ਜੀਹਨੂੰ ਦੀਦਾਰ ਦਿੱਤਾ,
ਭੁੱਲਦੀ ਨਹੀਂ ਯਾਦ ਉਹਨੂੰ ਤੇਰੇ ਮਿੱਠੇ ਖਾਬ ਦੀ ।
ਸਾਨੀ ਤੇਰਾ ਕੋਈ ਨਹੀਂ ਸੀ ਦਿਸਦਾ ਜਹਾਨ ਵਿਚ,
ਝੱਲੀ ਨਹੀਂ ਸੀ ਜਾਂਦੀ ਤਾਬ ਤੇਰੀ ਨੂਰੀ ਤਾਬ ਦੀ ।
ਯਾਦਾਂ ਤੇਰੀਆਂ ਦੀ 'ਬਾਠ' ਕਰਨ ਲਈ ਯਾਦ ਤਾਜ਼ਾ,
ਗੁਰੂ ਪ੍ਰਤਾਪ ਤੇਰੀ ਆਈ ਹੈ ਸ਼ਤਾਬਦੀ ।



Namdhari Elibrary NamdhariElibrary@gmail.com

## ਪਿਆਰ ਤੇਰਾ

**ਸੰਤ ਰਾਮ ਉਦਾਸੀ**

ਮੇਰੇ ਮਾਲਕਾ, ਪਾਲਕਾ, ਖਾਲਕਾ ਵੇ,
ਦੁੱਖ ਦਰਦ ਸਭ ਸਾਡਾ ਮਿਟਾ ਦਿਤਾ ।
ਅਣਹੋਂਦ ਨੂੰ ਹੋਂਦ ਬਣਾਣ ਖਾਤਰ,
ਆਪਣਾ ਰੂਪ "ਜਗਜੀਤ" ਵਿਚ ਪਾ ਦਿਤਾ ।
ਸਾਖਸ਼ਾਤ ਓਹੀਓ ਰੂਪ ਡਲ੍ਹਕਦਾ ਏ,
(ਜਿਹੜਾ) 'ਰਾਮ', 'ਹਰੀ', 'ਪ੍ਰਤਾਪ', ਝਲਕਾ ਦਿਤਾ ।
ਇਹਦੀ ਹੋਂਦ ਨੇ ਸੱਚ ਮੁਚ ਪ੍ਰੀਤਮਾ ਵੇ,
ਤੇਰੀ ਯਾਦ ਦਾ ਦੁੱਖ ਭੁਲਾ ਦਿਤਾ ।
ਤੇਰੇ ਪਾਠ, ਯਗ, ਹਵਨ, ਜਪ ਜਾਪ ਸਭ ਕੁਛ,
ਓਵੇਂ ਚੱਲੇ ਨਿਤਨੇਮ ਸੁਕਾਰ ਤੇਰਾ ।
ਕਲੂ ਕਾਲ ਵਿਚ ਵਡਾ ਉਪਕਾਰ ਇਹ ਵੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਮੇਰੇ ਪ੍ਰੀਤਮਾ ਮੈਂ ਭੈਣੀ ਸਾਹਿਬ ਅੰਦਰ,
ਤੈਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਆਇਆਂ ।
ਤੇਰੇ ਥਾਨ ਤੇ ਬੈਠ ਕੇ ਦੋ ਘੜੀਆਂ,
ਹੰਝੂ ਪਿਆਰ ਦੇ ਇੱਕ ਦੋ ਬਹਾਉਣ ਆਇਆਂ ।
ਤੇਰੇ ਸਦਮਿਆਂ ਵਿੰਨ੍ਹਿਆ ਦਿਲ ਮੇਰਾ,
ਛਾਤੀ ਪਾੜ ਕੇ ਤੈਨੂੰ ਦਿਖਾਉਣ ਆਇਆਂ ।
ਤੇਰੇ ਪਿਆਰ ਵਿੱਚ ਮਸਤ ਮਲੰਗ ਹੋ ਕੇ,
ਮੁੜ ਕੇ ਵਸਲ ਦਾ ਦੀਵਾ ਜਗਾਉਣ ਆਇਆਂ ।



Namdhari Elibrary NamdhariElibrary@gmail.com

ਜੀਅ ਕਰਦਾ ਸੀ ਨਾਲ ਹੀ ਸੜ ਜਾਈਏ,
ਜਦੋਂ ਕੀਤਾ ਅੰਤਮ ਸੰਸਕਾਰ ਤੇਰਾ !
ਤੇਰੀ ਚਿਤਾ ਦੀ ਰਾਖ ਵੀ ਕਹਿ ਰਹੀ ਸੀ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਤੈਨੂੰ ਦਰਦ ਸੀ ਗਊ ਗ਼ਰੀਬ ਉੱਤੇ,
ਸਾਰੇ ਮਜ਼੍ਹਬਾਂ ਦਾ ਸਾਂਝਾ ਅਵਤਾਰ ਸੀ ਤੂੰ ।
ਖਿਜ਼ਾਂ ਵਿਚ ਵੀ ਜਿਹੜੀ ਖੁਸ਼ਹਾਲ ਰਹਿੰਦੀ,
ਸੱਚ ਮੁੱਚ ਹੀ ਸਦਾ-ਬਹਾਰ ਸੀ ਤੂੰ ।
ਸਾਰਾ ਵਿਸ਼ਵ ਸੀ ਜਿੱਥੋਂ ਪ੍ਰਕਾਸ਼ ਲੈਂਦਾ,
ਸੂਰਜ, ਚੰਦਰਮਾ ਦਾ ਚਮਤਕਾਰ ਸੀ ਤੂੰ ।
ਦੇਸ਼-ਭਗਤ ਕੁਰਬਾਨੀ ਦਾ ਦੇਵਤਾ ਸੀ,
ਜਾਂ ਫਿਰ ਪ੍ਰੇਮੀਆਂ ਦਾ ਵਸਲੇ-ਯਾਰ ਸੀ ਤੂੰ ।
ਗਊਆਂ ਤੱਕਦੀਆਂ ਬੂਥੀਆਂ ਚੁੱਕ ਚੁੱਕ ਕੇ,
ਕਿਤੇ ਦਿੱਸੇ ਨਾ ਚੇਹਰਾ ਗੁਲਨਾਰ ਤੇਰਾ ।
ਰੋ ਕੇ ਨਹਿਰ—ਸਰਹਿੰਦ ਵੀ ਕਹਿ ਰਹੀ ਏ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਘੜਕੇ ਤੇਰੀ ਮੁਹੱਬਤ ਦੀ ਇੱਕ ਬੀਣਾ
ਗੀਤ ਤੇਰੀ ਜੁਦਾਈ ਦੇ ਗਾਵਾਂਗਾ ਮੈਂ ।
ਬੇਸ਼ਕ ਰੱਬ ਨੇ ਦਿੱਤਾ ਵਿਛੋੜ ਸਾਨੂੰ,
ਅੰਦਰ ਸੀਨੇ ਦੇ ਤੈਨੂੰ ਵਸਾਵਾਂਗਾ ਮੈਂ ।
ਸੁਪਨੇ ਵਿਚ ਵੀ ਤੇਰੀ ਉਡੀਕ ਰਹਿੰਦੀ,
ਤੇਰੀ ਯਾਦ ਵਿਚ ਔਂਸੀਆਂ ਪਾਵਾਂਗਾ ਮੈਂ ।
ਬੇਸ਼ਕ ਤੂੰ "ਉਦਾਸੀ" ਨੂੰ ਭੁੱਲ ਜਾਵੇਂ,
ਮਰਨ ਤੋੜੀ ਨਾ ਤੈਨੂੰ ਭੁਲਾਵਾਂਗਾ ਮੈਂ ।
ਬੇਸ਼ਕ ਮਰ ਜਾਵਾਂ ਤੇਰੀ ਯਾਦ ਅੰਦਰ,
ਫਿਰ ਵੀ ਲੋੜਦਾ ਰਹੂੰ ਦੀਦਾਰ ਤੇਰਾ ।
ਮੇਰੀ ਕਲਮ ਤਾਂ ਵਿਲਕਦੀ ਕਹਿ ਰਹੀ ਏ
ਯਾਦ ਰਹੇਗਾ ਸਦਾ ਪਿਆਰ ਤੇਰਾ ।



Namdhari Elibrary NamdhariElibrary@gmail.com

## ਗੁਰੂ ਪ੍ਰਤਾਪ ਆਂਦਾ ਬੰਜਰੀਂ ਬਹਾਰਾਂ ਨੂੰ

**ਸਵਰਨ ਸਿੰਘ 'ਚੀਮਾ'**

ਮੰਡੀਆਂ ਦੇ ਵਿਚ ਢੇਰ ਲਗਦੇ ਅਨਾਜ ਦੇ ਨੇ,
ਜਿਨ੍ਹਾਂ ਨੇ ਬਣਾਇਆ ਬੜੇ ਸੁੰਦਰ ਬਜ਼ਾਰਾਂ ਨੂੰ ।
ਜਿਨ੍ਹਾਂ ਨੇ ਕੰਗਾਲੀ ਕੱਢ ਦਿਤੀ ਦੇ ਇਲਾਕੇ ਵਿਚੋਂ,
ਭੁੱਲੀਏ ਨਾ ਅੱਜ ਅਸੀਂ ਓਹਦੇ ਉਪਕਾਰਾਂ ਨੂੰ ।
ਰੋਟੀਓਂ ਵੀ ਆਤਰ ਤੇ ਕੱਖਾਂ ਦੀਆਂ ਕੁੱਲੀਆਂ ਸੀ,
ਉਹਨਾਂ ਘਰੀਂ ਤੱਕਿਆ ਮੈਂ ਭਰਿਆਂ ਭੰਡਾਰਾਂ ਨੂੰ ।
ਬਾਗ਼ ਤੇ ਬਗੀਚੇ ਅੱਜ ਸਾਰੇ ਪਏ ਆਖਦੇ ਨੇ
ਗੁਰੂ ਪ੍ਰਤਾਪ ਆਂਦਾ ਬੰਜਰੀਂ ਬਹਾਰਾਂ ਨੂੰ ।

ਜੰਗਲ ਭਿਆਨਕ ਡਰਾਵਣਾ ਸੀ ਖਾਣ ਪੈਂਦਾ,
ਕਾਲ ਭੇਟਾ ਹੋਣਾ ਜਾਪੇ ਸਭ ਨਰ ਨਾਰਾਂ ਨੂੰ ।
ਉਹਦੇ ਉਪਕਾਰਾਂ ਦਾ ਸ਼ੁਮਾਰ ਨਾ ਕੋਈ ਦਸ ਸਕੇ,
ਸੀਨੇ ਠੰਢ ਪੈਂਦੀ ਹੈਸੀ ਤਪੇ ਅੰਗਿਆਰਾਂ ਨੂੰ ।
ਛੋਲਿਆਂ ਦੀ ਰੋਟੀ, ਪਾਣੀ ਪੀਣ ਨੂੰ ਨਾ ਲੱਭਦਾ ਸੀ,
ਕਿਥੇ ਆਂਦਾ ਮੋੜ ਮਾਹੀ ਸਾਡੀਆਂ ਮੁਹਾਰਾਂ ਨੂੰ ।
ਦਿੱਸੇ ਨਾਹੀਂ ਸਾਡੇ ਵਿਚ ਭਾਵੇਂ ਪ੍ਰਤੱਖ ਅੱਜ,
ਗੁਰੂ ਪ੍ਰਤਾਪ ਆਂਦਾ ਬੰਜਰੀਂ ਬਹਾਰਾਂ ਨੂੰ ।

ਤੰਦਰੁਸਤ ਆਦਮੀ ਨੂੰ ਪਚ ਸਕੇ ਹਰ ਚੀਜ਼,
ਕਣਕ ਨਾ ਲੱਭੇ ਖਾਣ ਵਾਸਤੇ ਬੀਮਾਰਾਂ ਨੂੰ ।
ਜਦੋਂ ਏਥੇ ਆਣ ਸੀ ਨਿਵਾਸ ਕੀਤਾ ਮਾਹੀ ਮੇਰੇ,
ਰੌਣਕਾਂ ਨੇ ਕਰ ਦਿਤਾ ਖੁਸ਼ ਗ਼ਮ-ਖਾਰਾਂ ਨੂੰ ।



Namdhari Elibrary NamdhariElibrary@gmail.com

ਦਿਨੋਂ ਦਿਨ ਦੂਣੀ ਤੇ ਸਵਾਈ ਖੁਸ਼ਹਾਲੀ ਹੋਈ,
ਤਕਦੇ ਹਾਂ ਖੇੜੇ ਦੀਆਂ ਅੱਜ ਗੁਲਜ਼ਾਰਾਂ ਨੂੰ ।
"ਚੀਮਾ" ਅਣਜਾਨ ਜਾਣ ਸਕਦਾ ਨਾ ਚੋਜ ਜਿਦ੍ਹੇ,
ਗੁਰੂ ਪ੍ਰਤਾਪ ਆਂਦਾ ਬੰਜਰੀਂ ਬਹਾਰਾਂ ਨੂੰ ।



Namdhari Elibrary NamdhariElibrary@gmail.com

# ਸੱਚੀ ਸਰਕਾਰ ਦੀ ਯਾਦ

**ਖੜਕ ਸਿੰਘ ਭਮਰਾ**

ਭੈਣੀ ਵਾਲਿਆ ਭਾਣੇ ਦਿਆ ਮਾਲਕਾ ਵੇ,
ਕਦੇ ਆਪ ਆ ਕੇ ਕਰਦਾ ਪਿਆਰ ਹੈ ਸੀ ।
ਦਰਸ਼ਨ, ਰਤਨ, ਵਜ਼ੀਰ ਨੂੰ ਨਾਲ ਲੈ ਕੇ,
ਲਾਉਂਦਾ ਪ੍ਰੀਤਮਾ ਆਸਾ ਦੀ ਵਾਰ ਹੈ ਸੀ ।

ਵਾਧੂ ਖਪਦਿਆਂ ਨੂੰ, ਦਿਲਾਂ ਤਪਦਿਆਂ ਨੂੰ,
ਠੰਢ ਪਾਂਵਦਾ ਤੇਰਾ ਦੀਦਾਰ ਹੈ ਸੀ ।
ਸੁੰਦਰ ਨੈਣ ਤੇ ਮੁਖੜਾ ਚੰਦ ਵਰਗਾ,
ਫੁੱਲ ਕੇਰਦੀ ਤੇਰੀ ਗੁਫਤਾਰ ਹੈ ਸੀ ।

ਖਿੜੇ ਮਥੇ ਗੁਲਾਬ ਤੇ ਕਮਲ ਵਾਂਗੂੰ,
ਗਊ ਗਰੀਬ ਦੀ ਸੁਣਦਾ ਪੁਕਾਰ ਹੈ ਸੀ ।
ਜਿਨ੍ਹਾਂ ਤਕਿਆ ਨੂਰ ਹਜ਼ੂਰ ਵਾਲਾ,
ਮੋਹਿਆਂ ਮਨਾਂ ਤੋਂ ਕਿਰਦਾ ਸਤਿਕਾਰ ਹੈ ਸੀ ।

ਨਿਕੀ ਨਿਕੀ ਫੁਲਵਾੜੀ ਅਫਰੀਕਾ ਦੀ ਵਿਚ,
ਸਦਾ ਸਦਾ ਤੇਰਾ ਇੰਤਜ਼ਾਰ ਹੈ ਸੀ ।
ਚਹੁੰ ਕੁੰਟਾਂ ਦੇ ਵਿਚ ਪਰਚਾਰ ਕੀਤਾ,
ਤੂੰ ਤੇ ਆਪ ਨਾਨਕ ਨਿਰੰਕਾਰ ਹੈ ਸੀ ।

ਵਰਤੀ ਰਹਿਤ ਮਰਯਾਦਾ ਦਸਮੇਸ਼ ਵਾਲੀ,
ਮਾਲਾ ਹੱਥ ਦੇ ਵਿਚ ਤਲਵਾਰ ਹੈ ਸੀ।



Namdhari Elibrary NamdhariElibrary@gmail.com

ਚੋਜੀ ਪ੍ਰੀਤਮਾ ਤੇਰੀ ਨਾ ਸਮਝ ਆਈ,
ਰੋਮ ਰੋਮ ਵਿਚ ਚੀਨੀ ਅਸਵਾਰ ਹੈ ਸੀ ।

ਮੈਂ ਤੇ ਸਮਝਿਆ ਅਜੇ ਮੈਂ ਕਰੂੰ ਦਰਸ਼ਨ,
ਸਾਨੂੰ ਮਿਲੀ ਪਰ ਚੰਦਰੀ ਤਾਰ ਹੈ ਸੀ ।
ਤੇਰੀਆਂ ਮਿੱਠੀਆਂ ਯਾਦਾਂ ਨੂੰ ਚੇਤਦਿਆਂ,
ਬਿਰਹੋਂ ਹੰਝੂਆਂ ਲਾਈ ਬਹਾਰ ਹੈ ਸੀ ।

ਤੂੰ ਤੇ ਆਪ ਜਗਜੀਤ ਦੇ ਸੀਸ ਉਤੇ
ਰਖਿਆ ਸਾਰੇ ਹੀ ਪੰਥ ਦਾ ਭਾਰ ਹੈ ਸੀ ।
ਤੇਰੀ ਯਾਦ ਦੇ ਵਿੰਨ੍ਹੇ ਕਈ ਮਸਤ ਫਿਰਦੇ,
ਕੂਕਾਂ ਮਾਰਦੇ ਲੱਖ ਹਜ਼ਾਰ ਹੈ ਸੀ ।

'ਚੀਨੀ ਵਾਲੇ ਦੇ ਪੇਸ਼ ਮੈਂ ਆਪ ਕਰਨਾ',
ਏਸੇ ਦੇਹ ਵਿਚ ਤੇਰਾ ਇਕਰਾਰ ਹੈ ਸੀ ।
ਰਖਿਆ ਮੇਹਰ ਦਾ ਹੱਥ ਦੁਲਾਰਿਆਂ ਤੇ,
ਪੰਥ ਸਾਰਾ ਹੀ ਤੇਰਾ ਪਰਵਾਰ ਹੈ ਸੀ ।

ਜੀਵੋ ਜਾਗੋ ਜੁਗ-ਜੁਗ ਜਗਜੀਤ ਸਿੰਘ ਜੀ,
ਪਿਤਾ ਪੁਰਖੀ ਦੀ ਬੰਨ੍ਹੀ ਦਸਤਾਰ ਹੈ ਸੀ ।
ਭਾਰਤ ਵਿੱਚ ਹਕੂਮਤਾਂ ਲੱਖ ਹੋਈਆਂ,
'ਭਮਰਾ' ਆਪ ਪਰ ਸੱਚੀ ਸਰਕਾਰ ਹੈ ਸੀ ।



Namdhari Elibrary NamdhariElibrary@gmail.com

## ਕੇਹੀ ਰਾਤ ਆਈ

**ਗੁਰਮੇਲ ਸਿੰਘ 'ਹੰਸ'**

ਪੀਰਾਂ ਪੀਰ ਤੋ ਰਹਿਮਤ ਭੰਡਾਰ ਸਾਡੇ,
ਸੀਨੇ ਯਾਦ ਨਗੀਨਾ ਹੈ ਜੜੀ ਪ੍ਰੀਤਮ ।
ਗੰਢ ਯਾਦ ਦੀ ਕਦੇ ਨਹੀਂ ਖੁਲ੍ਹ ਸਕਦੀ,
ਜੋ ਹੈ ਸੰਗ ਪ੍ਰੀਤਾਂ ਦੇ ਮੜ੍ਹੀ ਪ੍ਰੀਤਮ ।
ਕਾਇਆ ਕੋਠੜੀ ਵਿਚ ਹੈ ਯਾਦ ਤੇਰੀ,
ਨਹੀਂ ਚਾਹੀਦੀ ਟੁਟਣੀ ਕੜੀ ਪ੍ਰੀਤਮ ।
ਹੈ ਬ੍ਰਿਹਾ ਨੇ ਰੂਪ ਇਹ ਧਾਰ ਲਿਆ,
ਅੱਖੋਂ ਹੰਝੂਆਂ ਦੀ ਲਗੀ ਝੜੀ ਪ੍ਰੀਤਮ ।
ਤੁਸਾਂ ਨਾਲ ਸੀ ਅਸਾਂ ਨਿਮਾਣਿਆਂ ਦੀ
ਗੁੱਡੀ ਵਿਚ ਆਕਾਸ਼ ਦੇ ਚੜ੍ਹੀ ਪ੍ਰੀਤਮ ।
ਸੁਖੀ ਵਸਦਿਆਂ ਰਸਦਿਆਂ ਅਸਾਂ ਤਾਈਂ,
ਕੀਤਾ ਘਾਇਲ ਜੁਦਾਈ ਦੀ ਘੜੀ ਪ੍ਰੀਤਮ ।

ਕੇਹੀ ਰਾਤ ਆਈ ਪੰਜ ਭਾਦਰੋਂ ਦੀ,
ਜਿਸ ਨੇ ਮਾਹੀ ਨੂੰ ਸਾਥੋਂ ਵਿਛੋੜਿਆ ਸੀ ।
ਚੀਕਾਂ ਨਿਕਲੀਆਂ ਲੱਖਾਂ ਹੀ ਦਿਲਾਂ ਵਿਚੋਂ,
ਐਪਰ ਮਾਹੀ ਨੂੰ ਕਿਸੇ ਨਾ ਮੋੜਿਆ ਸੀ ।
ਮੁੱਖ ਫੇਰ ਕੇ ਗੁਰੂ ਪ੍ਰਤਾਪ ਸਾਥੋਂ,
ਵਿਚ ਜਾ ਦਰਗਾਹ ਦੇ ਜੋੜਿਆ ਸੀ ।
ਸਾਡੇ ਲਈ ਤੇ ਬੇਸ਼ੱਕ ਸੀ ਕਹਿਰ ਹੋਇਆ,
ਹੋਇਆ ਉਹੀ ਜੋ ਤੁਸਾਂ ਨੇ ਲੋੜਿਆ ਸੀ ।
ਕੂਕਾਂ ਮਾਰੀਆ ਤੇਰੇ ਮਸਤਾਨਿਆਂ ਨੇ,
ਜੁੜੀ ਜਿਨ੍ਹਾਂ ਦੇ ਨਾਲ ਸੀ ਲੜੀ ਪ੍ਰੀਤਮ ।



Namdhari Elibrary NamdhariElibrary@gmail.com

ਡਉਰੇ ਬਉਰੇ ਹੋਦੇ ਕਹਿੰਦੇ ਫਿਰਨ ਹਾਇ,
ਕੀਤਾ ਘਾਇਲ ਜੁਦਾਈ ਦੀ ਘੜੀ ਪ੍ਰੀਤਮ :

ਪੰਡ ਦੁੱਖਾਂ ਦੀ ਖੁਲ੍ਹ ਗਈ ਸਿਰ ਸਾਡੇ,
ਸੁੱਖਾਂ ਵਾਲੜੀ ਮੁਕ ਗਈ ਰਾਸ ਸਾਡੀ ।
ਹੋਣੀ ਡੈਣ ਨੇ ਐਸਾ ਏ ਵਾਰ ਕੀਤਾ,
ਨਹੀਂ ਚੜ੍ਹਨ ਦਿਤੀ ਸਿਰੇ ਆਸ ਸਾਡੀ ।
ਜਿਹੜੀ ਕੀਤੀ ਏ ਬ੍ਰਿਹੋਂ ਨੇ ਨਾਲ ਸਾਡੇ,
ਇਹ ਨਾ ਵਿਚ ਸੀ ਕਦੇ ਕਿਆਸ ਸਾਡੀ ।
ਦਰਸ਼ਣ ਹੋਣ ਨਾ ਹੁਣ ਪ੍ਰਤਾਪ ਗੁਰ ਦੇ,
ਜਿੰਦ ਪਈ ਕਰਦੀ ਤਰਾਸ ਤਰਾਸ ਸਾਡੀ ।
ਮਾਹੀ ਜਦੋਂ ਦੇ ਪੱਲਾ ਛੁਡਾ ਗਏ ਓ,
ਲਾਈ ਨੈਣਾਂ 'ਚੋਂ ਹੰਝੂਆਂ ਝੜੀ ਪ੍ਰੀਤਮ ।
ਚਿਹਰੇ ਕਹਿਰ ਵਿਛੋੜੇ ਨੇ ਜ਼ਰਦ ਕੀਤੇ,
ਕੀਤਾ ਘਾਇਲ ਜੁਦਾਈ ਦੀ ਘੜੀ ਪ੍ਰੀਤਮ ।

ਜਾਣਾ ਸੁਣ ਤੇਰਾ ਉਡਦੇ ਪੰਛੀਆਂ ਦੇ
ਮੂੰਹਾਂ ਵਿਚੋਂ ਹੈ ਡਿੱਗ ਪਈ ਚੋਗ ਮਾਹੀ ।
ਧਾਹੀਂ ਮਾਰੀਆਂ ਗਊਆਂ ਤੇ ਘੋੜਿਆਂ ਨੇ,
ਜਦੋਂ ਪੈ ਗਿਆ ਤੇਰਾ ਵਿਯੋਗ ਮਾਹੀ ।
ਸੁਕ ਹੋਏ ਪਿੰਜਰ ਤਨ ਪ੍ਰੇਮੀਆਂ ਦੇ,
ਜਿਹੜੇ ਕੁੱਠੇ ਨੇ ਬ੍ਰਿਹੋਂ ਦੇ ਰੋਗ ਮਾਹੀ ।
ਦੇਵ ਲੋਕ ਭਾਵੇਂ ਜੈ ਜੈ ਕਾਰ ਹੋਈ,
ਐਪਰ ਫਰਸ਼ ਤੇ ਕਹਿਰ ਦਾ ਸੋਗ ਮਾਹੀ ।
ਰੀਝਾਂ ਸੱਧਰਾਂ ਸਾਡੀਆਂ ਚੂਰ ਹੋਈਆਂ,
ਜਿੰਦ ਹੌਕਿਆਂ ਹਾਵਿਆਂ ਸੜੀ ਪ੍ਰੀਤਮ ।
ਪੀੜਾਂ, ਗਮ, ਝੋਰਾ ਪੱਲੇ ਪਾ ਸਾਡੇ,
ਕੀਤਾ ਘਾਇਲ ਜੁਦਾਈ ਦੀ ਘੜੀ ਪ੍ਰੀਤਮ ।



Namdhari Elibrary NamdhariElibrary@gmail.com

# ਸਤਿਗੁਰੂ ਉਹ ਸਾਕਾਰ ਸੀ

**ਗੁਲਵੰਤ 'ਫ਼ਾਰਿਗ਼'**

ਪਹਿਰ ਤੀਜਾ ਰਾਤ ਦਾ ਸੀ ਜਾਗਦਾ,
ਕਾਇਨਾਤ ਸਾਰੀ 'ਤੇ ਪਹਿਰਾ ਚੁੱਪ ਦਾ
ਕਿ ਜਾਗਿਆ ਮੈਂ ਸੁੱਤ-ਉਣੀਂਦਾ, ਊਂਘਦਾ;
ਚੁੱਪ-ਚਾਪ, ਸੋਚ ਗਹਿਰੀ ਵਿਚ ਗ਼ਲਤਾਨ ਸੀ;
ਭਾਵਨਾ ਵਿਚ ਝੁੱਲ ਰਿਹਾ ਘੋਰ ਕੋਈ ਤੂਫ਼ਾਨ ਸੀ ।
ਆਣ ਬੈਠਾ, ਇਕ ਸਾਇਆ ਅੰਬਰੀ
'ਛੋਪਲੇ ਜਿਹੇ, ਕੋਲ ਮੇਰੇ ਅਚਨਚੇਤ
ਸਾਇਆ ਕਿ ਕਣ-ਕਣ ਜੀਹਦੇ ਵਿਚ,
ਸੱਚ ਦੀ ਸੁਗੰਧ ਦਾ ਇਕ ਸਦੀਵੀ ਵਾਸ ਸੀ ।
ਇਕ ਸਾਇਆ, ਜੂਝਿਆ ਜੋ ਉਮਰ ਸਾਰੀ,
ਸੱਤ, ਨਿਆਂ ਤੇ ਇਨਸਾਫ਼ ਲਈ,
ਜਿਸ ਨੇ ਕੀਤਾ ਟਾਕਰਾ ਸੀ
ਸੱਖਣੇ ਹੱਥ, ਤੀਰ ਬਿਨ, ਤਲਵਾਰ ਬਿਨ
ਸਾਮਰਾਜੀ, ਬਹੁ-ਵਡੇਰੇ ਰਾਜ ਦਾ !
ਰਾਜ ਕਿ, ਜਿਸ 'ਤੇ ਸੂਰਜ ਮੂਲ ਨਹੀਂ ਸੀ ਅਸਤਦਾ ।

ਅਰਪਿਆ ਉਹਨੇ ਸੀ 'ਆਪਾ' ਆਪਣਾ
ਮਨੁੱਖ ਦੇ ਕਲਿਆਨ ਲਈ,
ਲੇਖੇ ਲਾਈ ਜ਼ਿੰਦਗੀ ਉਸ ਆਪਣੀ
ਏਕਤਾ ਤੇ ਸਾਂਝ ਲਈ; ਤੇ
ਭਰਾਤਰੀ ਪਿਆਰ ਲਈ; ਤੇ
ਸਾਰੇ ਹੀ ਸੰਸਾਰ ਲਈ...
ਆਦਮੀ ਤਾਂ ਆਦਮੀ ਸੀ



Namdhari Elibrary NamdhariElibrary@gmail.com

ਸੋਚਿਆ ਉਸ, ਪਸ਼ੂ-ਮਾਤਰ
ਦੀ ਤਰੱਕੀ 'ਤੇ ਵਿਕਾਸ ਲਈ
ਦੱਸਿਆ ਸੀ ਰਾਹ ਗਾਂਡੀ
ਹੱਕ, ਸੱਚ ਤੇ ਇਨਸਾਫ਼ ਦਾ
ਇਹ ਵੀ, ਕਿ ਡੁੱਬਦਾ ਹੈ—
ਕੰਢਿਆ ਤੱਕ ਭਰ ਕੇ
ਅੰਤ ਬੇੜਾ ਜ਼ੁਲਮ ਦਾ ਤੇ ਪਾਪ ਦਾ ।
ਸਤਿਗੁਰੂ ਉਹ ਸਾਕਾਰ ਸੀ
ਆਦਮੀ ਦੇ ਭੇਸ ਵਿਚ;
ਪਰਤਾਪ ਉਸ ਦਾ ਨਾਮ ਸੀ; ਤੇ
ਸਿੰਘ ਦੀ ਸੀਰਤ ਸੀ ਉਹਦੀ
ਤੇ ਸਾਕਾਰਿਆ ਉਸ
ਆਪਣੇ ਉਸ ਨਾਮ ਨੂੰ ।

ਬਡ ਪਰਤਾਪ ਸੁਣਿਉ ਪ੍ਰਭੂ ਤੁਮਰੋ
ਅਰਦਾਸ ਹੈ ਸ਼ਾਇਰ 'ਫ਼ਾਰਿਗ਼' ਦੀ ਹਜ਼ੂਰ
ਬਲ ਬਖ਼ਸ਼ੋ ਬੰਦੇ ਨੂੰ;
ਕਿ ਕਰੇ ਬੰਦਗੀ ਇਨਸਾਨ ਦੀ;
ਤੇ ਸੇਵਾ ਪਸ਼ੂ ਬੇਜਾਨ ਦੀ;
ਕਿ ਮਨੁੱਖ ਤੇ ਪਸ਼ੂ ਵਿਚ;
ਵੱਸਦਾ ਆਪ ਅੱਲਾ ਪਾਕ ਹੈ, ਤੇ
ਕਾਇਨਾਤ ਸਾਰੀ ਉਸੇ ਦਾ ਪਰਤਾਪ ਹੈ !!



Namdhari Elibrary NamdhariElibrary@gmail.com

## ਆਫ਼ਤਾਬ

**ਜਗਜੀਤ ਕੌਰ ਭੋਲੀ**

ਸਾਂਝ ਨੂੰ 'ਅੰਬਰਾਂ ਚੋਂ' ਇਕ ਆਫ਼ਤਾਬ ਲੁਕਿਆ,
ਤੇਜ ਪ੍ਰਤਾਪ ਦੇ ਕੇ ਦੂਜੇ ਆਫ਼ਤਾਬ ਨੂੰ
ਖੁਸ਼ੀਆਂ ਦੀ ਕਿਣ-ਮਿਣ ਹੋਣ ਲੱਗੀ ਬਦਲਾਂ ਚੋਂ',
ਨੂਰ ਇਲਾਹੀ ਗਿਆ ਬਖਸ਼ਿਆ ਜਨਾਬ ਨੂੰ।

ਗਿਆਨ ਦਾ ਉਜਾਲਾ ਰੱਬੀ ਬਾਣੀ ਨਾਲ ਫੈਲਦਾ ਹੈ,
ਇਸੇ ਨਾਲ ਧਰਤੀ ਤੋਂ ਮਿਟ ਜਾਂਦੇ ਪਾਪ ਨੇ ।
ਗੁਰੂ ਪਿਤਾ ਹਰੀ ਸਿੰਘ, ਮਾਤਾ ਜੀਵਨ ਕੌਰ ਧੰਨ ਹੋਏ
ਜਦੋਂ ਅਵਤਾਰ ਲਿਆ ਗੁਰੂ ਪਰਤਾਪ ਨੇ ।
ਸਤਿਗੁਰਾਂ ਦੀ ਸ਼ਰਨ ਆ ਕੇ ਸਾਰੇ ਧੰਨ-ਧੰਨ ਹੋਏ
ਮਿਟ ਗਏ ਕਲੇਸ਼, ਕਸ਼ਟ, ਸੋਗ-ਸੰਤਾਪ ਨੇ ।
ਸੂਝਵਾਨ ਸਮਿਆਂ ਦੇ ਮਾਲਕ ਸੀ ਸਤਿਗੁਰੂ
ਵੇਖ ਹੋਏ ਦੰਗ ਸਾਰੇ ਰੱਬ ਦੇ ਹਿਸਾਬ ਨੂੰ ।
ਖੁਸ਼ੀਆਂ ਦੀ ਕਿਣ-ਮਿਣ ਹੋਣ ਲੱਗੀ ਬਦਲਾਂ 'ਚੋਂ'
ਨੂਰ ਇਲਾਹੀ ਗਿਆ ਬਖਸ਼ਿਆ ਜਨਾਬ ਨੂੰ।

ਵਿਦਿਆ ਲਈ ਭੇਜਿਆ ਤਾਂ ਪੜ੍ਹੇ ਗੁੜ੍ਹੇ ਜਾਪਦੇ ਸੀ
ਇਹ ਤਾਂ ਹੁੰਦੇ ਚਿੰਨ੍ਹ ਕਿਸੇ ਪੁਰਖ ਮਹਾਨ ਦਾ ।
ਸਤਿਗੁਰੂ ਜਾਪਦੇ ਸੀ ਰੂਪ ਗੁਰੂ ਗੋਬਿੰਦ ਦਾ
ਦੇਸ਼-ਦੇਸ਼ ਜੱਸ ਸੀਗਾ ਉਨ੍ਹਾਂ ਦੀ ਹੀ ਸ਼ਾਨ ਦਾ ।
ਬਿਪਤਾ ਦਾ ਸਮਾਂ ਵੀ ਉਹ ਹੱਸ ਹੱਸ ਝੱਲਦੇ ਸੀ,
ਪਹਾੜ ਜਿੱਡਾ ਦਿਲ ਹੈ ਸੀ ਓਸ ਇਨਸਾਨ ਦਾ ।



Namdhari Elibrary NamdhariElibrary@gmail.com

ਜ਼ਿੰਦਗੀ ਦੁੱਖ-ਸੁੱਖ, ਧੁੱਪ-ਛਾਂ ਦੇ ਵਾਂਗ ਹੁੰਦੇ,
ਕੰਡੇ ਫੁੱਲਾਂ ਨਾਲ ਸਦਾ, ਤਕ ਲਉ ਗੁਲਾਬ ਨੂੰ ।
ਸਾਂਝ ਵੇਲੇ ਨੀਲੇ ਆਸਮਾਨੋਂ ਆਫਤਾਬ ਡੁੱਬਾ,
ਤੇਜ ਪ੍ਰਤਾਪ ਦੇ ਕੇ ਦੂਜੇ ਆਫਤਾਬ ਨੂੰ ।

ਅਸੂਲਾਂ ਪਿਛੇ ਗੱਲ ਨਾ ਕੋਈ ਮੰਨੀ ਗੋਰੇ ਹਾਕਮਾਂ ਦੀ,
ਇਹ ਤਾਂ ਸਾਡੇ ਸਾਹਿਬਾਂ ਦੀ ਸੱਚੀ-ਸੁੱਚੀ ਰੀਤ ਸੀ ।
ਅੰਨ-ਦਾਨ, ਚੰਗਾ ਜਾਣ, ਗੁਰਾਂ ਨੇ ਭੰਡਾਰ ਖੋਲ੍ਹੇ,
ਨਾਮ ਜੋ ਵੀ ਸਿਮਰਦਾ, ਉਨ੍ਹਾਂ ਦਾ ਉਹ ਮੀਤ ਸੀ ।
ਪਸ਼ੂ-ਧੰਨ ਬਹੁਮੁੱਲਾ, ਗਿਆਨ ਦਿਤਾ ਪ੍ਰਾਣੀਆਂ ਨੂੰ,
ਇਸੇ ਲਈ ਗਊਆਂ ਨਾਲ ਮੁੱਢ ਤੋਂ ਪ੍ਰੀਤ ਸੀ ।
ਕੇਂਦਰ ਸੰਗੀਤ ਦੇ ਸੀ ਖੋਲ੍ਹੇ ਭੈਣੀ-ਸਾਹਿਬ ਵਿਖੇ,
ਪੂਜ ਲਈਏ ਸੁਰ, ਤਾਲ, ਸਾਜ਼ ਤੇ ਰਬਾਬ ਨੂੰ ।
ਖੁਸ਼ੀਆਂ ਦੀ ਕਿਣ-ਮਿਣ ਹੋਣ ਲੱਗੀ ਬੱਦਲਾਂ 'ਚੋਂ',
ਨੂਰ-ਇਲਾਹੀ ਗਿਆ ਬਖ਼ਸ਼ਿਆ ਜਨਾਬ ਨੂੰ ।

ਰਲ ਮਿਲ ਸਾਰੇ ਅੱਜ ਗੁਰਾਂ ਦੀ ਆਸੀਸ ਲਈਏ,
ਭੁੱਲ ਕੇ ਵੀ ਕਦੇ ਨਾ ਕਿਸੇ ਦਾ ਦਿਲ ਤੋੜੀਏ ।
ਮੱਥੇ ਉਤੇ ਲਾ ਲਈਏ ਮਿੱਟੀ ਭੈਣੀ-ਸਾਹਿਬ ਦੀ ਨੂੰ,
ਰਾਮ ਨਾਮ-ਸਿਮਰਨ ਵਿਚ ਮਨ ਮੈਲਾ ਜੋੜੀਏ ।
ਪੂਰਨੇ ਨੇ ਸਤਿਗੁਰੂ ਦੇ ਜਿੱਥੇ ਜਿੱਥੇ ਪਾਏ ਜਾਂਦੇ,
ਉਥੇ ਪੱਗ ਧਰੀਏ, ਪਿੱਛੇ ਨਾ ਮੁੱਖ ਮੋੜੀਏ ।
ਕੋਟਿ ਕੋਟਿ ਗੁਰਾਂ ਨੂੰ ਹੈ ਅੱਜ ਨਮਸਕਾਰ ਸਾਡਾ
ਪਾਤਸ਼ਾਹ ਕਬੂਲ ਕਰੋ 'ਭੋਲੀ' ਦੇ ਆਦਾਬ ਨੂੰ ।
ਸਾਂਝ ਵੇਲੇ ਅੰਬਰਾਂ ਚੋਂ ਇਕ ਆਫਤਾਬ ਡੁੱਬਾ,
ਤੇਜ ਪ੍ਰਤਾਪ ਦੇ ਕੇ ਦੂਜੇ ਆਫਤਾਬ ਨੂੰ ।
ਖੁਸ਼ੀਆਂ ਦੀ ਕਿਣ-ਮਿਣ ਹੋਣ ਲੱਗੀ ਬੱਦਲਾਂ 'ਚੋਂ',
ਨੂਰ ਇਲਾਹੀ ਗਿਆ ਬਖ਼ਸ਼ਿਆ ਜਨਾਬ ਨੂੰ ।



Namdhari Elibrary NamdhariElibrary@gmail.com

## ਯਾਦ ਕਰੇ ਸੰਸਾਰ

**ਜੋਗਿੰਦਰ ਸਿੰਘ ਮੁਕਤਾ**

ਵੱਡ ਪ੍ਰਤਾਪੀ ਨੂੰ, ਯਾਦ ਕਰੇ ਸੰਸਾਰ ।
ਚਸ਼ਮਾ ਰਹਿਮਤ ਦਾ, ਸਿਫਤਾਂ ਦਾ ਭੰਡਾਰ ।

ਜਿਦਾਂ ਮਹਿਕ ਫੁੱਲ ਦੇ ਅੰਦਰ ਦਿਲ ਦੇ ਆਂਗਣ ਵਿਚ ਸਮੋਏ ।
ਹਰ ਜ਼ੱਰੇ ਚੋਂ ਝਲਕੇ ਮਸਤੀ ਕਹਿਆ ਉਸ ਜੋ ਸਚਾ ਹੋਏ ।
ਮੇਹਰੰਮਤ ਇਹ ਬਖਸ਼ਿਸ਼ ਉਸ ਦੀ ਹਰ ਪਾਸੇ ਗੁਲਜ਼ਾਰ ।
ਵੱਡ ਪਰਤਾਪੀ ਨੂੰ ਯਾਦ......।

ਰਹਿਬਰ ਦਿਲਾਂ ਦਾ ਮਹਿਰਮ ਉਹਦੀ ਤਾਬ ਨਾ ਝਲੀ ਜਾਏ ।
ਉਸ ਦੀਆਂ ਮਿੱਠੀਆਂ ਮੁਸਕਾਨਾਂ ਨੇ ਆਸ਼ਕ ਕੁਲ ਰੀਝਾਏ ।
ਕਿਸੇ ਨੂੰ ਅੱਲਾ ਪਾਕ ਉਸ ਦਿਸਿਆ ਕਿਸੇ ਨੂੰ ਕ੍ਰਿਸ਼ਨ ਮੁਰਾਰ ।
ਵੱਡ ਪਰਤਾਪੀ ਨੂੰ ਯਾਦ ......।

ਉਸ ਮਾਹੀ ਹਰ ਥਾਂ ਹਰਿ ਦਸਿਆ ਮਾਨਵਤਾ ਸਤਿਕਾਰੀ ।
ਨੀਵਿਆਂ ਅਤੇ ਨਿਤਾਣਿਆਂ ਤਾਈਂ ਬਖਸ਼ੀ ਜਿਸ ਸਰਦਾਰੀ ।
ਦੂਰ ਅੰਦੇਸ਼ ਉਹ ਜਿਸ ਦੀਆਂ ਲੋਆਂ ਜਗ ਕੀਤਾ ਸਰਸ਼ਾਰ ।
ਵੱਡ ਪਰਤਾਪੀ ਨੂੰ ਯਾਦ......।

ਭੈਣੀ 'ਚ ਹਰ ਮਜ਼ਬ ਬੁਲਾਇਆ ਮੇਟਣ ਈਰਖਾ ਅਗ ਨੂੰ ।
ਸੱਤਰ ਸਾਲ ਜਿਸ ਦੀਆਂ ਰਿਸ਼ਮਾ, ਚਾਨਣ ਵੰਡਿਆ ਜਗ ਨੂੰ ।
ਉਹ ਦੁਖੀਆਂ ਦਾ ਦਰਦੀ ਦਾਤਾ ਨੂਰਾਂ ਦਾ ਸਰਦਾਰ ।
ਵੱਡ ਪਰਤਾਪੀ ਨੂੰ ਯਾਦ......।



Namdhari Elibrary NamdhariElibrary@gmail.com

ਅਜ ਉਸ ਦੀ ਅਖੀਆਂ ਦਾ ਤਾਰਾ ਜਗਤ ਜਲੰਦਾ ਠਾਰ ਰਿਹਾ ਏ ।
ਨਾਮ ਜਪਾ ਕੇ ਭਵ ਸਾਗਰ 'ਚੋਂ ਡੁੱਬੇ ਬੇੜੇ ਤਾਰ ਰਿਹਾ ਏ ।
'ਮੁੱਕਤਾ' ਗੁਰ ਜਗਜੀਤ ਦੇ ਚਰਨਾਂ ਤੋਂ ਜਾਵਾਂ ਬਲਿਹਾਰ ।
ਵੱਡ ਪਰਤਾਪੀ ਨੂੰ ਯਾਦ......।

ਵਡ ਪਰਤਾਪੀ ਨੂੰ
ਯਾਦ ਕਰੇ ਸੰਸਾਰ ।
ਚਸ਼ਮਾ ਰਹਿਮਤ ਦਾ
ਸਿਫਤਾਂ ਦਾ ਭੰਡਾਰ ।



Namdhari Elibrary NamdhariElibrary@gmail.com

# ਅਟੱਲ ਪਰਤਾਪੀ ਗੁਰੂ ਸ਼ਾਨਾਂ ਅਜਬ ਤੇਰੀਆਂ

**ਨਿਰੰਜਨ ਸਿੰਘ ਜਘੇਤੀ**

ਗੁਰੂ ਰਾਮ ਸਿੰਘ ਜੀ ਦੇ ਪਰਦੇਸ ਚਲੇ ਜਾਣ ਪਿੱਛੋਂ
ਜੂਹਾਂ ਭੈਣੀ ਸਾਹਿਬ ਦੀਆਂ ਪੁਲਸ ਨੇ ਸੀ ਘੇਰੀਆਂ ।
ਅਠਾਰਾਂ ਸੌ ਬਹੱਤਰ ਤੋਂ ਪੰਜਾਹ ਸਾਲ ਥੋੜ੍ਹੇ ਨਹੀਂ,
ਉਠਾਈਆਂ ਸੰਤ ਖਾਲਸੇ ਮੁਸੀਬਤਾਂ ਬਥੇਰੀਆਂ ।
ਸਾਰੇ ਹੀ ਪੰਜਾਬ ਵਿਚ ਨਾਮਧਾਰੀ ਸਿੰਘਾਂ ਉੱਤੇ
ਗੋਰੀ ਸਰਕਾਰ ਦੀਆਂ ਝੁੱਲੀਆਂ ਹਨੇਰੀਆਂ ।
ਇਹਨਾਂ ਤਾਈਂ ਜ਼ਾਲਮਾਂ ਨੇ ਰੱਜ ਰੱਜ ਦੁੱਖੀ ਕੀਤਾ,
ਏਸ ਦੁੱਖ ਦਰਦ ਦੀਆਂ ਗਲਾਂ ਨੇ ਲੰਮੇਰੀਆਂ ।

ਰਾਮ ਅਤੇ ਹਰੀ ਜੀ ਦੀ ਇਹਨਾਂ ਉੱਤੇ ਮਿਹਰ ਰਹੀ,
ਹੌਂਸਲੇ ਬੁਲੰਦ ਰਹੇ ਢਾਈਆਂ ਨਾਹੀ ਢੇਰੀਆਂ ।
ਕੇਂਦਰ ਜੋ ਕੂਕਿਆਂ ਦਾ ਬਣਿਆ ਸੀ ਜੇਲ੍ਹ ਖਾਨਾ,
ਬੂਹੇ ਜ਼ਿੰਦੇ ਬੰਦ ਕੋਈ ਪਾ ਨਾ ਸਕੇ ਫੇਰੀਆਂ ।
ਗੁਰੂ ਪਰਤਾਪ ਹਰੀ ਬਣ 'ਬੰਦੀ-ਛੋੜ' ਆਏ,
ਆਉਂਦੇ ਹੀ ਸਾਰ ਹੋਈਆਂ ਬੰਦਸ਼ਾਂ ਛੁਟੇਰੀਆਂ ।
ਖੁਸ਼ੀਆਂ ਤੇ ਖੇੜਿਆਂਦੀ ਲਹਿਰ ਸਾਰੇ ਦੌੜ ਗਈ,
ਵਾਹ ! ਪਰਤਾਪੀ ਗੁਰੂ ਸ਼ਾਨਾਂ ਹਨ ਤੇਰੀਆਂ ।

ਵਾਗ ਡੋਰ ਹੱਥ ਵਿਚ ਜਦ ਤੂੰ ਸੰਭਾਲ ਲੀਤੀ,
ਕੌਮੀ ਪ੍ਰਵਾਨਿਆਂ ਨੂੰ ਦਿਤੀਆਂ ਦਲੇਰੀਆਂ ।
ਭੈਣੀ ਸਾਹਿਬ ਡੇਰੇ ਅੱਗੋਂ ਚੌਕੀ ਤਾਈਂ ਚੁੱਕ ਲੀਤਾ,
ਤੇ ਮੁਠੱਡੇ ਹੋਈਆਂ ਬੈਠਕਾਂ ਵਡੇਰੀਆਂ ।



Namdhari Elibrary NamdhariElibrary@gmail.com

ਦੇਸ਼ ਅਤੇ ਕੌਮ ਦਾ ਪਿਆਰ ਭਰ ਕੁੱਟ ਕੁੱਟ,
ਪਰ ਦਿਲ ਗੋਰਿਆਂ ਦੇ ਪੈਂਦੀਆਂ ਸੀ ਘੇਰੀਆਂ ।
ਭਾਵੇਂ ਤੂੰ ਇਕ ਵਾਰ ਜੇਲ੍ਹ ਵਿਚ ਗਿਆ ਨਾਹੀਂ,
(ਪਰ) ਤੱਕ ਕੇ ਗ਼ੁਲਾਮੀ ਰੜਕਾਂ ਪੈਣ ਅੱਖੀਂ ਤੇਰੀਆਂ ।

ਸਿੱਖਾਂ ਦੀ ਸ਼ਾਨ, ਮਾਨ, ਆਨ ਸੀ ਬੁਲੰਦ ਕੀਤੀ,
ਰਾਵੀ ਉੱਤੇ ਹੋਈਆਂ ਜਦ ਭੀੜਾ ਸੀ ਘਨੇਰੀਆਂ ।
ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਵਾਰਨੇ ਦਾ
ਦਿੱਤਾ ਸੀ ਭਰੋਸਾ, ਗੱਲਾਂ ਕਰ ਕੇ ਚੰਗੇਰੀਆਂ ।
ਅਜ਼ਾਦੀ ਦੀਆਂ ਲਹਿਰਾਂ ਵਿਚ ਹਿੱਸਾ ਪਾਇਆ ਰੱਜ ਰੱਜ
ਰਖਿਆ ਨਾ ਕੋਲ ਕੁਝ, ਰੀਝਾਂ ਸੀ ਉਚੇਰੀਆਂ ।
ਤੇਰੇ ਕਾਰਨਾਮਿਆਂ ਨੇ ਚਾਰ ਚੰਦ ਲਾ ਦਿੱਤੇ,
ਵੱਡ ਪਰਤਾਪੀ ਗੁਰੂ ਸ਼ਾਨਾਂ ਹਨ ਤੇਰੀਆਂ ।

ਫੁੱਟਦਾ ਜੋ ਬੀਜ, ਅੰਗਰੇਜ਼ਾਂ ਬੋਇਆ ਸਿੱਖਾਂ ਵਿਚ
ਉਸ ਫੁੱਟ ਚੰਦਰੀ ਨੇ ਵਾੱਛਾਂ ਸੀ ਖਲੇਰੀਆਂ ।
ਨਾਨਕ ਦੇ ਨਾਮ ਲੇਵਾ ਆਪੋ ਵਿਚ ਭਿੜ ਪਏ,
ਬੋਲ ਬੋਲ ਮੰਦਾ ਗੱਲਾਂ ਕਰਦੇ ਦੁਖੇਰੀਆਂ ।
ਸਾੜ ਸਾੜ ਹਿਰਦਿਆਂ ਨੂੰ ਪਾੜ ਪਾੜ ਧਰੀ ਜਾਣ,
ਤੈਨੂੰ ਕਰਤੂਤਾਂ ਇਹ ਨਾ ਲਗੀਆਂ ਭਲੇਰੀਆਂ ।
ਟੁੱਟੇ ਹੋਏ ਦਿਲਾਂ ਤਾਈਂ ਮਾਲਾ 'ਚ ਪਰੋ ਦਿੱਤਾ,
ਸਿਰਾਂ ਤਾਈਂ ਜੋੜ ਦਿੱਤਾ, ਸ਼ਾਨਾਂ ਨੇ ਇਹ ਤੇਰੀਆਂ ।

ਦੁੱਧ ਦੀਆਂ ਨਹਿਰਾਂ ਵਿਚ ਸਦਾ ਤੋਂ ਤੂੰ ਖੇਡਦਾ ਸੈਂ,
ਏਸੇ ਲਈ ਗਾਵਾਂ ਮੱਝਾਂ ਰਖੀਆਂ ਲਵੇਰੀਆਂ ।
ਗੁਰਮਤਿ ਸੰਗੀਤ ਤੇਰਾ ਮੰਨਿਆ ਸਿਆਣਿਆਂ ਨੇ,
ਕਿਨਰ ਗੰਧਰਬ ਤੇਰੇ ਦੁਆਲੇ ਲੈਣ ਫੇਰੀਆਂ ।
ਬੋਲਦਾ ਤੂੰ ਪੂਰਾ ਨਾਲੇ ਸੂਰਾ ਸੈਂ ਤੂੰ ਕਰਨੀ ਦਾ,
ਅੱਖਾਂ ਉੱਤੇ ਚਾਇਆ ਤੈਨੂੰ ਸੇਵਕਾਂ ਤੇ ਚੇਰੀਆਂ ।
'ਜਯੋਤੀ' ਤੈਨੂੰ ਯਾਦ ਕਰ ਨੀਰ ਵਹੇ ਅੱਖਾਂ ਵਿੱਚੋਂ,
ਵਾਹ ! ਪਰਤਾਪੀ ਗੁਰੂ ਸ਼ਾਨਾਂ ਹਨ ਤੇਰੀਆਂ ।



Namdhari Elibrary NamdhariElibrary@gmail.com

## ਆਪਣੇ ਸੇਵਕ ਕੀ ਆਪੇ ਰਾਖੈ

**ਨਿਰੰਜਨ ਸਿੰਘ ਜਯੋਤੀ**

ਸ਼ੇਰੇ-ਪੰਜਾਬ ਦੀ ਜਨਮ ਭੋਇੰ ਦੀ,
ਗੱਲ ਮੈਂ ਸੱਜਣੋ ਕਰਨ ਹਾਂ ਲੱਗਾ ।
ਮੇਰੀ ਵੀ ਉਹ ਜਨਮ ਦਾਤੀ ਏ,
ਪੈਰ ਜਿਥੇ ਮੈਂ ਧਰਨ ਹਾਂ ਲੱਗਾ ।
ਗੁਜਰਾਂ ਵਾਲਾ ਨਾਮ ਓਸ ਦਾ,
ਬਾ-ਰੌਣਕ ਤੇ ਖੂਬ ਹੈ ਵਸਦਾ ।
ਦਮ ਦਮ ਉੱਤੇ ਯਾਦ ਆਂਵਦਾ,
ਰੋੜੀ ਸਾਹਿਬ ਗੁਰਦੁਆਰਾ ਉਸ ਦਾ ।
ਭਾਗੋ ਦਿਆਂ ਪੂੜਿਆਂ ਵਿੱਚੋਂ
ਨਾਨਕ ਕੱਢ ਸੀ ਲਹੂ ਵਿਖਾਇਆ ।
ਲਾਲੋ ਦੇ ਕੋਧਰੇ ਤਾਈਂ,
ਚੁੱਕ ਚੁੱਕ ਜਿੱਥੇ ਸੀ ਵਡਿਆਇਆ ।
ਉਸੇ ਸ਼ਹਿਰ ਵਿਖੇ ਸਤਿਗੁਰੂ,
ਅਟੱਲ ਪਰਤਾਪੀ ਆਉਂਦੇ ਰਹਿੰਦੇ ।
ਚਰਨ ਮੁਬਾਰਕ ਉਸ ਧਰਤੀ ਤੇ
ਸਦਾ ਹੀ ਹੈ ਸਨ ਪਾਉਂਦੇ ਰਹਿੰਦੇ ।
ਰਾਮਗੜ੍ਹੀਏ ਪਰਿਵਾਰ ਵੀ ਹੈ ਸਨ,
ਅਰੋੜ ਬੰਸ ਵੀ ਭਾਗ ਸਨ ਲਾਏ ।
ਇੱਕ ਮਿੱਕ ਹੋ ਰਲ ਮਿਲ ਰਹਿੰਦੇ,
ਨਾਮਧਾਰੀ ਇਹ ਬਾਗ਼ ਸੁਹਾਏ ।
ਏਸੇ ਸ਼ਹਿਰ ਦੀਆਂ ਗਲੀਆਂ ਅੰਦਰ
ਬਾਬਾ ਇੱਕ ਹੈ ਆਉਂਦਾ ਰਹਿੰਦਾ ।



Namdhari Elibrary NamdhariElibrary@gmail.com

'ਰੂੰ ਲੈ' ਲਓ, ਰੂੰ ਲੈ ਲਓ',
ਹੋਕਾ ਉਹ ਹੈ ਲਾਉਂਦਾ ਰਹਿੰਦਾ।
ਲੱਕੋਂ ਉੜਿਆ, ਗੰਢ ਹੈ ਚਾਈ,
ਮਸਾਂ ਮਸਾਂ ਹੈ ਤੁਰਦਾ ਉਹ।
ਜਿਉਂ ਜਿਉਂ ਅੱਗੇ ਕਦਮ ਰਖਦਾ,
ਤਿਉਂ ਤਿਉਂ ਜਾਂਦਾ ਝੁਰਦਾ ਉਹ।
ਚਿੱਟਾ ਦਾਹੜਾ ਦਿੱਸੇ ਤਗੜਾ,
ਸਰੀਰੋਂ ਤੋਰ ਤੇ ਮਾੜਾ ਹੈ ਉਹ।
ਪੁੱਤ ਜੱਟ ਦਾ ਜ਼ਿਮੀਂ ਕੋਈ ਨਹੀਂ,
ਰੂਹ ਵਿੱਚ ਉਸ ਦੇ ਪਾੜਾ ਹੈ ਉਹ।
ਪੇਟ ਪਾਲਣਾ ਹੋਇਆ ਮੁਸ਼ਕਲ,
ਬੱਚੇ ਵੀ ਦੋ ਚਾਰ ਨੇ ਉਸ ਦੇ।
ਮਾਂ ਦੇ ਸੰਗ ਉਹ ਸਦਾ ਬੈਠ ਕੇ,
ਨਿੰਮੋਂ ਝੂਣੇ ਰਹਿੰਦੇ ਫਿਸਦੇ।
ਕੀ ਕਰੇ ਤੇ ਕੀ ਨਾ ਕਰੇ,
ਸੁਆਲ ਇਹੋ ਹੈ ਬਣਿਆ ਰਹਿੰਦਾ।
ਪੇਟ ਦੀ ਅੱਗ ਬੁਝਾਵਣ ਖਾਤਰ,
ਤਾਣਾ ਪੇਟ ਤਣਿਆ ਰਹਿੰਦਾ।
ਬੱਚੀ ਉਹਦੀ ਜੁਆਨ ਹੋ ਗਈ,
ਵਰ ਘਰ ਦੀਆਂ ਫਿਕਰਾਂ ਪਈਆਂ।
ਕੀਕਣ ਇਹ ਪਰਨਾਈ ਜਾਵੇ,
ਭੁਖਾਂ ਤੱਕ ਤੱਕ ਲੈਂਦੀਆਂ ਝੱਈਆਂ।
ਦਿਨੇ ਰਾਤ ਨੀਂਦਰ ਨਾ ਆਵੇ,
ਫਿਕਰਾਂ ਝੋਰੇ ਖਾਈ ਜਾਵਣ।
ਜ਼ਿੰਮੇਂਵਾਰੀਆਂ ਦੀਆਂ ਤਲਖੀਆਂ,
ਹੋਰ ਹੀ ਹੋਰ ਨਿਚੜਾਈ ਜਾਵਣ।
ਇਕ ਦਿਨ ਅਟਲ-ਪਰਤਾਪੀ ਸਤਿਗੁਰ,
ਆਪਣੀ ਮੌਜ 'ਚ ਓਥੇ ਆਏ।
ਨਾਮਧਾਰੀ ਧਰਮ ਸਾਲਾ ਤਾਈਂ,
ਭਾਗ ਉਹਨਾਂ ਨੇ ਆ ਕੇ ਲਾਏ।
ਸ਼ਾਮਾਂ ਦਾ ਦੀਵਾਨ ਸਜਿਆ,
ਸੰਗਤ ਆ ਕੇ 'ਕੱਠੀ ਹੋਈ।
ਕੀਰਤਨ ਹੋਇਆ ਰੰਗ ਬੱਝਿਆ,
ਮਸਤੀ ਦੀ ਫੈਲੀ ਖੁਸ਼ਬੋਈ।



Namdhari Elibrary NamdhariElibrary@gmail.com

ਕੀ ਹਾਂ ਵਿਹੰਦਾ ਕਿ ਬਾਬਾ ਉਹੋ,
ਕਦਮ ਪੁਟਦਾ ਏਥੇ ਆਇਆ ।
ਬੜੀ ਨਿਮ੍ਰਤਾ ਬੜੀ ਸ਼ਰਧਾ ਨਾਲ
ਸਤਿਗੁਰਾਂ ਅੱਗੇ ਸੀਸ ਝੁਕਾਇਆ ।
ਹੱਥ ਜੋੜ ਖਲੋ ਗਿਆ ਉਹ,
ਗਲ ਵਿੱਚ ਉਸ ਨੇ ਪੱਲੂ ਪਾਇਆ,
ਆਪਣੀ ਵੇਦਨ ਦੱਸਣ ਕਾਰਨ,
ਨੈਣਾਂ ਦਾ ਸਾਗਰ ਉਛਲਾਇਆ ।
ਇਹ ਵੇਖ ਕੇ ਸਤਿਗੁਰ ਬੋਲੇ,
ਬਾਬਾ ਤੈਨੂੰ ਕਿਸ ਦੁਖਾਇਆ ?
ਕਿਹੜੀ ਏਡੀ ਪੀੜਾ ਲੈ ਕੇ
ਇਸ ਭਰੇ ਦਰਬਾਰ 'ਚ ਆਇਆ ?
ਕਿਸੇ ਨੇ ਤੈਨੂੰ ਕੁਝ ਕਿਹਾ ਏ ?
ਦਿਲ ਦਾ ਦੁਖੀ ਦਿੱਸੇਂ ਭਾਰਾ ।
ਆਪਣੀ ਵੇਦਨ ਦੱਸ ਤੂੰ ਛੇਤੀ,
ਉਸ ਦਾ ਛੇਤੀ ਕਰੀਏ ਚਾਰਾ ।
ਕੜ ਪੱਥਰ ਦਾ ਟੁੱਟ ਗਿਆ ਤਦ,
ਤੇ ਫਿਸ ਪਿਆ ਉਹ ਅੰਦਰੋਂ ਬਾਹਰੋਂ ।
ਕੀ ਕਹੇ ਤੇ ਕਿੱਦਾਂ ਆਖੇ,
ਮੰਗਣ ਆਇਆ ਇਸ ਦੁਆਰੋਂ ।
ਗੱਲ ਦਿਲ ਦੀ ਦੱਸਣ ਕਾਰਨ,
ਅੰਤ ਓਸਨੇ ਜੀਭ ਹਿਲਾਈ ।
'ਨਾ ਮੋਹਿ ਦਰਬ ਨਾ ਜੋਬਨ ਮਾਤੀ,
ਮੋਹਿ ਅਨਾਥ ਕੀ ਕਰੋ ਸਮਾਈ ।'
ਮੇਰੀ ਪੁੱਤਰੀ ਨੂੰ ਆਪਣੀ ਸਮਝੋ,
ਇਸ ਨੂੰ ਕਿਧਰੇ ਦਿਉ ਪਰਨਾਈ ।
ਦਿਨੇ ਰਾਤ ਫਿਕਰ ਇਹੋ ਹੀ
ਮੇਰੇ ਸਤਿਗੁਰ, ਜਾਂਦੈ ਖਾਈ ।
'ਫਿਕਰ ਨਾ ਕਰ ਤੂੰ, ਭਲੀ ਕਰੇਗਾ,
ਭਰੋਸਾ ਰੱਖ ਜੋ ਗੁਰੂ ਹੈ ਤੇਰਾ ।
ਚੀਨੀ ਵਾਲਾ ਬਹੁੜੀ ਕਰੇਗਾ,
ਜੋ ਹੈ ਸਤਿਗੁਰੂ ਤੇਰਾ ਮੇਰਾ ।'

ਨੇੜੇ ਪਿੰਡ ਘਰਜਾਖ ਦੇ ਅੰਦਰ,



Namdhari Elibrary NamdhariElibrary@gmail.com

ਇੱਕ ਪਰਿਵਾਰ ਸੀ ਵਸਦਾ ਰਸਦਾ।
ਜ਼ਿਮੀਂ ਬਹੁਤ, ਹਲਟ ਸੀ ਵਗਦਾ,
ਸ਼ਰਧਾਵਾਨ ਜੱਸ ਹੁੰਦਾ ਜਿਸ ਦਾ।
ਉਸ ਪਰਵਾਰ ਦੇ ਵੱਡਿਆਂ ਤਾਈਂ
ਸਤਿਗੁਰਾਂ ਨੇ ਗੱਲ ਸਮਝਾਈ।
ਉਹਨਾਂ ਦੇ ਇੱਕ ਜੁਆਨ ਮੁੰਡੇ ਦੀ,
ਆਨੰਦ ਕਰਨ ਦੀ ਵਿਉਂਤ ਬਣਾਈ।
ਵਥੱਰੇ ਵੀ ਸੇਠਾਂ ਨੇ ਆਂਦੇ,
ਕੁੜੀ ਨੂੰ 'ਸ਼ਨਾਨ ਕਰਾਇਆ।
ਹਵਨ ਕਰ ਕੇ, ਵੇਦੀ ਅੰਦਰ
ਲੜਕੀ ਦਾ ਆਨੰਦ ਪੜ੍ਹਾਇਆ।
ਕੁੜੀ ਦੇ ਸਿਰ ਤੇ ਹੱਥ 'ਚਾ ਰਖਿਆ,
ਸਿਖਿਆ ਦਿੱਤੀ ਅਪਰ ਅਪਾਰ।
ਸੇਵਾ, ਨਿਮ੍ਰਤਾ ਗਹਿਣਾ ਪਾ ਕੇ,
ਸਹੁਰੇ ਘਰ ਦਾ ਬਣੀਂ ਸ਼ੰਗਾਰ।
ਮਿੱਠੇ ਬੋਲ ਬੋਲ ਬੋਲ ਕੇ
ਮਾਂ ਪਿਉ ਦਾ ਮਾਨ ਵਧਾਈਂ।
ਮਨ ਨੂੰ ਸਦਾ ਹੀ ਨੀਵਾਂ ਰੱਖੀਂ,
ਚਾਰ ਚੰਨ ਲਾਈਂ ਚਮਕਾਈਂ।
ਸਾਰੀ ਸੰਗਤ ਗਦ ਗਦ ਹੋਈ,
ਚਾਰ ਚੁਫੇਰੇ ਜੈ ਜੈ ਕਾਰ।
ਆਪਣੇ ਸੇਵਕ ਕੀ ਆਪੇ ਰਾਖੀ,
ਅਟੱਲ ਪਰਤਾਪੀ ਨਾਲ ਪਿਆਰ।

ਇਹ ਸੀ ਸਤਿਗੁਰ ਪਰਤਾਪ ਹਰੀ,
ਮਹਿਮਾ ਜਿੰਨੀ ਕਰੀਏ ਥੋੜ੍ਹੀ।
ਆਪਣੇ ਸਿੱਖਾਂ ਦੀ ਦੁੱਖ ਦੇ ਅੰਦਰ
ਕਰਦਾ ਸੀ ਜੋ ਆ ਕੇ ਬਹੁੜੀ।
ਉਸ ਦੇ ਚਰਨਾਂ ਉੱਤੇ ਮੈਂ ਵੀ,
ਹੱਥ ਜੋੜ ਕੇ ਸੀਸ ਝੁਕਾਵਾਂ।
ਮੇਰੀ ਨਈਆ ਬੰਨੇ ਲੱਗੇ,
'ਜਯੋਤੀ' ਉਸ ਦੀਆਂ ਖੁਸ਼ੀਆਂ ਚਾਹਵਾਂ।



Namdhari Elibrary NamdhariElibrary@gmail.com

## ਭੈਣੀ ਸਾਹਿਬ ਨੂੰ

**ਜਸਵੰਤ ਸਿੰਘ 'ਜੱਸ'**

ਭੈਣੀ ਸਾਹਿਬ ਨੂੰ ਚਲੀਏ ਸਾਧੋ,
ਚਲ ਸਤਿਗੁਰ ਦਰਸ਼ਨ ਕਰੀਏ ।
ਜਿੰਨ੍ਹੀ ਰਾਹੀਂ ਮੇਰਾ ਰੀਝੇ ਪ੍ਰੀਤਮ,
ਤਨ ਮਨ ਭੇਟਾ ਕਰੀਏ ।
ਭੈਣੀ ਸਾਹਿਬ ਨੂੰ......।

ਸੋ ਧਰਤ ਭਈ ਹਰਿਆਵਲੀ,
ਜਾ ਸਤਿਗੁਰ ਬੈਠ ਸਿਮਰੀਏ ।
ਚਰਨ ਧੂੜ ਮੱਥੇ ਚਾ ਲਾਈਏ,
ਅਗਿਆਨ ਅੰਧੇਰਾ ਹਰੀਏ ।
ਭੈਣੀ ਸਾਹਿਬ ਨੂੰ......।

ਨਾਨਕ ਮਿਲਿਆ ਬਾਰ੍ਹਵੇਂ ਜਾਮੇ,
ਦਿਲ ਉਸ ਅਗੇ ਅਰਪਣ ਕਰੀਏ ।
ਰਹਿਮਤ ਭਰਿਆ ਖਜ਼ਾਨਾ ਪ੍ਰੀਤਮ,
ਅਸੀਂ ਰੰਗ ਪਿਆਰ ਦੇ ਭਰੀਏ ।
ਭੈਣੀ ਸਾਹਿਬ ਨੂੰ ...।

ਸਿਮਰ ਸਿਮਰ ਸੁਆਮੀ ਗੁਰ ਆਪਣਾ,
ਤੋਪ 108 ਗੋਲੇ ਦੀ,
ਜ਼ਾਮਨ ਭਾਰਤ ਆਜ਼ਾਦੀ ਦੀ,



Namdhari Elibrary NamdhariElibrary@gmail.com

ਐਸਾ ਸਤਿਗੁਰ ਸਾਈਂ ਸਿਮਰੀਏ ।
ਭੈਣੀ ਸਾਹਿਬ ਨੂੰ......।

ਬਿੱਲਾ ਕਢਿਆ ਪਹਿਨ ਸੁਦੇਸ਼ੀ,
ਲੈ ਸਿਖਿਆ ਅਮਰ ਹੋ ਮਰੀਏ ।
ਸੇਵਕ ਪਾਵੇ ਸੇਵਾ-ਪੁੰਜ ਪਦ,
ਭੀ ਸੇਵਾ ਮਨ ਵਿਚ ਧਰੀਏ ।
ਭੈਣੀ ਸਾਹਿਬ ਨੂੰ......।

ਅੰਮ੍ਰਿਤ ਦਾਤ ਮਿਲੇ ਦਾਤੇ ਤੋਂ,
ਪੀ ਘੁੱਟ ਘੁੱਟ ਜੀਵਨ ਤਰੀਏ ।
ਸਿੱਖੀ ਕਰੇ ਹਰੀ ਮੇਰਾ ਸਤਿਗੁਰ,
ਆ ਗੁਰ ਪਰਤਾਪ ਸਿਮਰੀਏ ।
ਭੈਣੀ ਸਾਹਿਬ ਨੂੰ......।

ਸੇਵਾ ਕਰ, ਕਿਛ ਪਾਈਏ ਮਾਨ,
ਹਉਂ ਹਰੀਏ, ਭਵਜਲ ਤਰੀਏ ।
ਸਤਿਗੁਰ ਛੋਹ ਤਾਂ ਪਾਰਸ ਕਰਦੀ,
ਜਗਜੀਤ ਗੁਰੂ 'ਜੱਸ' ਕਰੀਏ ।
ਭੈਣੀ ਸਾਹਿਬ ਨੂੰ ਚਲੀਏ, ਸਾਧੋ
ਚਲ ਸਤਿਗੁਰ ਦਰਸ਼ਨ ਕਰੀਏ ।



NamdhariElibrary NamdhariElibrary@gmail.com

## ਵਰ ਦਾਤਾ

**ਜੋਗਿੰਦਰ ਸਿੰਘ ਮੁਕਤਾ**

ਵੱਡ ਪਰਤਾਪ ਜੀ ਦਾ ਜਾਪ ਪਾਪ ਦੂਰ ਕਰੇ,
ਦੁਖੀਆਂ ਦੇ ਦੁਖ ਹਰੇ ਵੈਦ ਸੀ ਬੀਮਾਰਾਂ ਦਾ ।
ਬੜਾ ਬੇਮਿਸਾਲ ਤੇ ਕਮਾਲ ਸੀ ਜਲਾਲ ਸੋਹਣਾ,
ਖੇੜੇ ਰਿਹਾ ਵੰਡਦਾ ਉਹ ਪੁਸ਼ਪ ਬਹਾਰਾਂ ਦਾ ।
ਸ਼ੁੱਭ ਉਪਦੇਸ਼ ਸੀ ਹਮੇਸ਼ ਦਿਤਾ ਸੰਗਤਾਂ ਨੂੰ,
ਪਲਟ ਦਿਤਾ ਜੀਵਨ ਸੀ ਲੱਖਾਂ ਨਰ ਨਾਰਾਂ ਦਾ ।
ਧੰਨ ਧੰਨ ਧੰਨ ਸਤਿਗੁਰੂ ਪਰਤਾਪ ਸਿੰਘ,
ਪਰਦਾ ਸੀ ਢਕਦੇ ਜੋ ਅਸਾਂ ਗੁਨਾਹਗਾਰਾਂ ਦਾ ।
ਆਨ ਸ਼ਾਨ ਮਾਣ ਤੇ ਗਿਆਨ ਦਿਤਾ ਬੰਦਗੀ ਦਾ,
ਕਰਾਂ ਕੀ ਬਿਆਨ ਉਹਦੇ ਕੀਤੇ ਉਪਕਾਰਾਂ ਦਾ ।
ਖਾਲੀ ਨਾ ਸਵਾਲੀ ਗਿਆ ਝੋਲ ਭਰੀ ਭੁਖਿਆਂ ਦੀ,
ਖੁਲ੍ਹਾ ਰਿਹਾ ਬੂਹਾ ਸਦਾ ਓਸ ਦੇ ਭੰਡਾਰਾਂ ਦਾ ।
ਉਚ ਕਿਰਦਾਰ ਤੇ ਪਿਆਰ ਅਮਨ ਏਕਤਾ ਲਈ,
ਸਚੀ ਸਦਭਾਵਨਾ ਜੋ ਲਕਸ਼ ਅਵਤਾਰਾਂ ਦਾ ।
ਨਾਨਕ ਦੇ ਨਾਮ ਲੇਵਾ ਸੱਚੇ ਸ੍ਰੀ ਭੈਣੀ ਸਾਹਿਬ,
ਕਰਨ ਲਈ ਸ਼ਾਂਤ ਸੇਕ ਈਰਖਾ ਅੰਗਾਰਾਂ ਦਾ ।
ਕਰਨ ਲਈ ਪਾਰ ਸੰਸਾਰ ਭਵਸਾਗਰ ਵਿਚੋਂ,
ਬਣਿਆ ਮੁਹਾਣਾ ਆਪ ਬੇੜੇ ਮੰਝਧਾਰਾਂ ਦਾ ।
ਤਾਊਸ਼ ਤੇ ਕਰ ਧਰ, ਜਾਦੂ ਨਾਲ ਜਗ ਮੋਹਿਆ,
ਵਖਰਾ ਅੰਦਾਜ਼ ਉਹ ਸੀ ਆਸਾ ਦੀਆਂ ਵਾਰਾਂ ਦਾ ।
ਨੈਣਾਂ ਵਿਚ ਸਿਕ ਚੀਨੀ ਵਾਲੇ ਦੇ ਦੀਦਾਰ ਦੀ ਸੀ,



Namdhari Elibrary NamdhariElibrary@gmail.com

ਮਿੱਠੇ ਮਿੱਠੇ ਬੋਲ ਘੋਲ ਵੋਲ ਸੀ ਪਿਆਰਾਂ ਦਾ ।
ਨਾਮ ਵਾਲੀ ਗੰਗ ਵਗੀ ਸਾਧੂਆਂ ਦੇ ਸੰਗ ਵਿਚੋਂ,
ਉਪਜੇ ਤਰੰਗ ਆਸਾ ਭੈਰਵੀ ਮਲ੍ਹਾਰਾਂ ਦਾ ।
ਮੰਨੀ ਅਹੰਕਾਰੀਆਂ ਨੇ ਹਾਰ ਕਈ ਵਾਰ ਆ ਕੇ,
ਝੁਕ ਗਿਆ ਸਿਰ ਝਟ ਰਾਗਾਂ ਦੀਆਂ ਤਾਰਾਂ ਦਾ ।
ਦੀਨਾਂ ਕੇ ਦਿਆਲ ਜਦੋਂ ਚਲ ਕੇ ਚਚਾਲ ਆਏ,
ਜਣਿਆ ਸੀ ਆਦ ਅੰਤ ਜਿੰਨੇ ਰੱਬੀ ਕਾਰਾਂ ਦਾ ।
ਜ਼ਾਲਮ ਜੋ ਮਾਰਦੇ ਸੀ ਗਊਆਂ ਨਿੱਤ ਏਸ ਥਾਂ ਤੇ,
ਸਦਾ ਲਈ ਸਫਾਇਆ ਕੀਤਾ ਏਥੋਂ ਬੁਰਿਆਰਾਂ ਦਾ ।
ਪੀਣ ਲਈ ਪਾਣੀ ਜਿਥੇ ਭਾਲਿਆਂ ਹੀ ਲਭਦਾ ਸੀ,
ਜੀਣਾ ਸੀ ਮੁਹਾਲ ਹੋਇਆ ਚਿੜੀਆਂ ਗੁਟਾਰਾਂ ਦਾ ।
ਧਰਤੀ 'ਚੋਂ ਸੇਕ ਸੀ ਬਰੇਕ ਬਿਨਾ ਲੋ ਤਤੀ,
ਤਪਦਾ ਤੰਦੂਰ ਜਿਵੇਂ ਭਠ ਭਠਿਆਰਾਂ ਦਾ ।
ਮਾਰ ਮਾਰ ਛਾਲਾਂ ਆਇਆ ਧਰਤੀ ਦੇ ਸਿਰ ਪਾਣੀ,
ਹੋਇਆ ਫਰਮਾਨ ਜੋ ਸੀ ਮੇਰਿਆਂ ਦਾਤਾਰਾਂ ਦਾ ।
ਜੀਵਨ ਦੇ ਚੰਨਾ ਸੀ ਤਮੰਨਾ ਤੇਰੀ ਸੇਵਕਾਂ ਲਈ,
ਦਿਤਾ ਵਰਦਾਨ ਸੀ ਟਰੈਕਟਰਾਂ ਤੇ ਕਾਰਾਂ ਦਾ ।
ਰਿਹਾ ਨਾ ਅਜਾਬ, ਆਬ, ਖਾਬ, ਨੇ ਸਾਕਾਰ ਹੋਏ,
ਆਵੇ ਨਾ ਅੰਤ ਅੰਨ ਧੰਨ ਦੇ ਅੰਬਾਰਾਂ ਦਾ ।
ਲੱਖ ਸਵਾ ਲੱਖ ਅਜ ਮੁੱਲ ਇਕ ਏਕੜ ਦਾ,
ਰਿਹਾ ਨਾ ਹਿਸਾਬ ਅਜ ਸੈਂਕੜੇ ਹਜ਼ਾਰਾਂ ਦਾ ।
ਅਗ ਕਲੂਕਾਲ ਦੀ ਨੇ ਸਗਲਾ ਜਲਾਇਆ ਜਗ,
ਬਣਿਆ ਪੰਜਾਬ ਅਜ ਵਿਸ਼ਾ ਅਖਬਾਰਾਂ ਦਾ ।
ਬੂਟਾ ਅਮਨ ਸ਼ਾਂਤੀ ਦਾ ਲਾਇਆ ਪਰਤਾਪ ਗੁਰੂ,
ਆਇਆ ਕਦੀ ਸੇਕ ਨਹੀਂ ਏਥੇ ਧੂੰਆਂ ਧਾਰਾਂ ਦਾ ।
ਵੱਡ ਪਰਤਾਪੀ ਜੀ ਦੀ 'ਮੁਕਤਾ' ਮਹਾਨ ਦੇਣ,
ਮਰਤਬਾ ਬੁਲੰਦ ਕੀਤਾ ਸਭ ਦੁਖਿਆਰਾਂ ਦਾ ।



Namdhari Elibrary NamdhariElibrary@gmail.com

## ਸੱਚੀ ਸਰਕਾਰ ਆਈ

**ਡਾ. ਬਲਵੰਤ ਸਿੰਘ ਦਰਦੀ**

ਜੋਤ ਹਰੀ ਦੀ ਜੀਵਨ ਥੀਂ ਜੋਤਿ ਲੈ ਕੇ,
ਰੂਪ ਆਪ ਪਰਤਾਪ ਦਾ ਧਾਰ ਆਈ ।
ਰੋਮ ਰੋਮ ਥੀਂ ਰਾਮ ਨੂੰ ਸਿਮਰ ਕੇ ਤੇ,
ਰਾਮ ਰੂਪ ਹੋ ਰਾਮ ਨੁਹਾਰ ਆਈ ।
ਚੌਹਾਂ ਜੁੱਗਾਂ ਵਿਚ ਜੁੱਗਾਂ ਦੀ ਕਰਨ ਸੋਭਾ,
ਲਖਾਂ ਕੰਸਾਂ ਦਾ ਕਰਨ ਸੰਘਰ ਆਈ ।
ਭਬੀਸ਼ਨ ਜਿਹੇ, ਪ੍ਰਹਿਲਾਦਿ, ਤੇ ਭੀਲਣੀ ਨੂੰ,
ਗਲੇ ਲਾਕੇ ਕਰਨ ਸਤਿਕਾਰ ਆਈ ।
ਕੋਈ ਕਹੇ ਰਾਮਾ ਕੋਈ ਕਹੇ ਕ੍ਰਿਸ਼ਨਾ,
ਜੋਤਿ ਨਾਨਕ ਦੀ ਧਾਰ ਅਵਤਾਰ ਆਈ ।
ਪੂਰਨਮਾਸ਼ੀ ਦਾ ਭੈਣੀ 'ਚ ਚੰਨ ਚੜ੍ਹਿਆ,
ਲੋਕੀਂ ਆਖਦੇ ਸੱਚੀ ਸਰਕਾਰ ਆਈ ।

ਤਿਰਛੀ ਨਿਗਾਹ ਨਾਲ ਜਿਨੂੰ ਵੀ ਤਕਿਆ ਸੀ,
ਬੇੜਾ ਓਸ ਦਾ ਭਵਜਲੋਂ ਤਾਰਿਆ ਸੀ ।
ਹੋਈ ਮਿਹਰ ਦੀ ਨਿਗਾਹ ਤੇ ਮਸਤ ਹੋਇਆ,
ਜਿਹੜਾ ਹਓਮੇਂ ਦੇ ਵਿਚ ਹੰਕਾਰਿਆ ਸੀ ।
ਜੀਹਨੂੰ ਪਿਆਰ ਦੀ ਇਕ ਵੀ ਬੂੰਦ ਦਿਤੀ,
ਉਹਦੇ ਪਿਆਰ ਵਿਚ ਗਿਆ ਉਹ ਠਾਰਿਆ ਸੀ ।
ਸੀਨੇ ਲਾ ਕੇ ਲਿਆ ਬਿਠਾਲ ਜਿਹਨੂੰ,
ਸਾਰੇ ਜਗ ਵਿਚ ਗਿਆ ਸਤਿਕਾਰਿਆ ਸੀ ।
ਉਹਦੇ ਨਾਮ ਦੀ ਜਿਨੇ ਭਬੂਤ ਲਾ ਲਈ,
ਉਹਦੇ ਵਾਸਤੇ ਅੰਮ੍ਰਿਤ ਦੀ ਧਾਰ ਆਈ ।



Namdhari Elibrary NamdhariElibrary@gmail.com

ਸੋਮਾ ਅੰਮ੍ਰਿਤ ਦਾ ਭੈਣੀ 'ਚੋਂ ਵਹਿ ਤੁਰਿਆ,
ਲੋਕੀਂ ਆਖਦੇ ਸੱਚੀ ਸਰਕਾਰ ਆਈ ।

ਸਾਕਾ ਇਕ ਮੈਂ ਤਕਿਆ ਰਾਵਲ ਪਿੰਡੀ,
ਉਹਦਾ ਸਿੱਖ ਸੀ ਇਕ ਸਰਦਾਰ ਸੋਹਣਾ ।
ਜਾਂਦਾ ਗੁਰੂ ਤੋਂ ਵਾਰੀ ਉਹ ਲੱਖ ਵਾਰੀ,
ਉਹਦੇ ਨਾਂ ਤੇ ਕਰਦਾ ਕਿਰਦਾਰ ਸੋਹਣਾ ।
ਕਿਸੇ ਆਖਿਆ ਗੁਰੂ ਦਾ ਸਿੱਖ ਹੈਂ ਤਾਂ,
ਕੌਤਕ ਕੋਈ ਤਾਂ ਕਰ ਸਾਕਾਰ ਸੋਹਣਾ ।
ਤਤੇ ਤੇਲ ਵਿਚ ਹੱਥ ਨੂੰ ਪਾ ਕੇ ਤੇ,
ਗੁਰੂ ਸਿਖੀ ਦਾ ਕਰਾ ਦੀਦਾਰ ਸੋਹਣਾ ।
ਕੀਤੀ ਸਿੱਖ ਅਰਦਾਸ ਤੇ ਹੱਥ ਪਾਇਆ,
ਤੇਲ ਹੋ ਗਿਆ ਠੰਡੜਾ ਠਾਰ ਸਾਈ ।
ਕੌਤਕ ਵੇਖ ਕੇ ਗੁਰੂ ਪਰਤਾਪ ਸਿੰਘ ਦੇ,
ਲੋਕੀਂ ਆਖਦੇ ਸੱਚੀ ਸਰਕਾਰ ਆਈ ।

ਗੋਰੇ ਗੋਰਿਆਂ ਕਾਲੇ ਸੀ ਕੰਮ ਕੀਤੇ,
ਭਾਰਤ ਵਾਸੀਆਂ ਤਾਈਂ ਦਬੌਣ ਦੇ ਲਈ ।
ਆਖਣ ਸਿੰਘਾਂ ਨੂੰ ਫੌਜ ਵਿਚ ਕਰੋ ਭਰਤੀ,
ਗ਼ਲਬਾ ਹੋਰ ਵੀ ਦੇਸ ਤੇ ਪੌਣ ਦੇ ਲਈ ।
ਦਾਤੇ ਮੇਰੇ ਨੇ ਅਗੋਂ ਜਵਾਬ ਦਿੱਤਾ,
ਸਿੰਘ ਨਗ਼ਮਾ ਅਜ਼ਾਦੀ ਦਾ ਗੌਣ ਦੇ ਲਈ ।
ਕਮਰ ਕਸੇ ਉਹ ਕਰਕੇ ਤਿਆਰ ਹੋਇ,
ਤੈਨੂੰ ਗੋਰਿਆ ਕਢਣ ਕਢੌਣ ਦੇ ਲਈ ।
ਸੁਣੀ ਗੱਲ ਤਾਂ ਗੋਰੇ ਨੂੰ ਹੋਸ਼ ਆ ਗਈ,
ਆਖੀ ਸਤਿਗੁਰਾਂ ਜਦੋਂ ਨਿਖਾਰ ਭਾਈ ।
ਉਦੋਂ ਵੇਖ ਪ੍ਰਤਾਪ, ਪਰਤਾਪ ਗੁਰ ਦਾ,
ਹਾਕਮ ਆਖਦੇ ਸੱਚੀ ਸਰਕਾਰ ਆਈ ।



Namdhari Elibrary NamdhariElibrary@gmail.com

## ਮਾਹੀਆ

**ਬਲਬੀਰ ਸਿੰਘ ਢਿਲੋਂ**

ਮੇਰੇ ਵੱਡ ਪਰਤਾਪੀ ਦੀ,
ਯਾਦ ਦਿਲੋਂ ਨਹੀਂ ਭੁਲਦੀ,
ਉਸ ਸਰਵ ਵਿਆਪੀ ਦੀ ।

ਗੱਡੀ ਰੁੱਕ ਰੁੱਕ ਚਲਦੀ ਏ
ਸੀਨੇ ਵਿਚ ਯਾਦ ਤੇਰੀ,
ਪਈ ਲੱਟ ਲੱਟ ਬਲਦੀ ਏ ।

ਕੁਝ ਕਹੀਏ ਜਾਂ ਨਾ ਕਹੀਏ,
ਯਾਦ ਤੇਰੀ ਰਹੇਗੀ ਸਦਾ
ਅਸੀਂ ਰਹੀਏ ਜਾਂ ਨਾ ਰਹੀਏ ।

ਕੁਝ ਹੋਰ ਨਾ ਲੈਣਾ ਏਂ
ਸਾਡੇ ਕੋਲ ਯਾਦ ਤੇਰੀ,
ਅਣਮੁੱਲਾ ਗਹਿਣਾ ਏਂ ।

ਬੜੀ ਦੂਰ ਕਿਨਾਰਾ ਏ
ਡਰ ਨਾ ਤੁਫਾਨਾਂ ਦਾ
ਤੇਰੀ ਯਾਦ ਸਹਾਰਾ ਏ ।

ਮੈਂ ਕੀ ਉਪਹਾਰ ਦਿਆਂ
ਦੌਲਤ ਦੁਨੀਆ ਦੀ,
ਚਰਨਾਂ ਉਤੋਂ ਵਾਰ ਦਿਆਂ ।



Namdhari Elibrary NamdhariElibrary@gmail.com

ਗ਼ਮ ਉਂਝ ਤਾਂ ਸਤਾਂਦਾ ਏ
ਪਰ ਤੇਰੀ ਯਾਦ ਆਸਰੇ,
ਦਿਨ ਲੰਘ ਹੀ ਜਾਂਦਾ ਏ ।

ਜੋ ਮੰਗਿਆ ਸੋ ਜੁੜਿਆ ਏ
ਅੱਜ ਤਕ ਤੇਰੇ ਦਰ ਤੋਂ,
ਕੋਈ ਖਾਲੀ ਨਾ ਮੁੜਿਆ ਏ ।

ਗਮ ਰੋਗ ਤਾਂ ਮਾਰੂ ਏ
ਪਰ ਇਕ ਯਾਦ ਤੇਰੀ
ਸੌ ਰੋਗਾਂ ਦਾ ਦਾਰੂ ਏ ।



Namdhari Elibrary NamdhariElibrary@gmail.com

## ਯਾਦ ਰਹੇਗਾ ਸਦਾ ਪਿਆਰ ਤੇਰਾ

**ਕਰਮ ਸਿੰਘ 'ਬਾਲਮ'**

ਦਿਲ ਦੇ ਮਹਿਰਮਾ ਦਿਲੀ ਦਲੀਲ ਕਹਿੰਦੀ,
ਦਿਲਾਂ ਵਿਚ ਹੈ ਸਦਾ ਸਤਿਕਾਰ ਤੇਰਾ ।
ਦੀਦੇ ਆਖਦੇ ਸੌਂਹ ਹੈ ਦੀਦਿਆਂ ਦੀ,
ਵਿਚ ਦੀਦਿਆਂ ਵਸੇ ਦੀਦਾਰ ਤੇਰਾ ।
ਪਹਿਲੂ ਵਿਚ ਪਿਆਰ, ਪਿਆਰ ਵਿਚੋਂ
ਦਰਸ਼ਨ ਕਰਦਿਆਂ ਸਿੱਖ ਪਰਵਾਰ ਤੇਰਾ ।
ਅਕਲ ਵਿਚ ਤੂੰ ਅਕਲ ਬਣ ਅਕਲ ਦੇਵੇਂ,
ਹੁਕਮ ਚਲਦਾ ਸਦਾ ਸਰਕਾਰ ਤੇਰਾ ।
ਅਰਸ਼ਬਰੀਂ ਦੇ ਮਾਲਕਾ ਅਰਸ਼ ਵਿਚੋਂ,
ਜਦੋਂ ਫਰਸ਼ਾਂ ਤੇ ਹੋਇਆ ਅਵਤਾਰ ਤੇਰਾ ।
ਕਿਹਾ ਫੁਲ ਬਰਸਾ ਕੇ ਦਿਉਤਿਆਂ ਨੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਸਾਡੀ ਜਾਨ ਦੀ ਜਾਨ ਸੀ ਤੂੰ ਦਾਤਾ
ਜਾਨੀ ਜਾਣ ਜੀ ਜਦੋਂ ਸਾਓ ਜਾਣ ਲਗੇ ।
ਸਾਡੇ ਪਰਾਣਾਂ ਦੇ ਪਰਾਣਾਂ ਦੇ ਪਰਾਣ ਤੜਪੇ,
ਜਦੋਂ ਪ੍ਰੀਤ ਜੁਦਾਈਆਂ ਸਾਓ ਪਾਣ ਲਗੇ,
ਸਾਡੇ ਪੱਲੇ ਦੇ ਪੱਲੇ ਨਾ ਕਖ ਰਹਿਆ,
ਜਦੋਂ ਪਾਤਸ਼ਾਹ ਪੱਲਾ ਛੁਡਾਣ ਲਗੇ ।
ਸਾਡੇ ਨੈਣਾਂ ਦੇ ਨੈਣਾਂ ਦੇ ਨੈਣ ਰੋਏ,
ਅਸੀਂ ਚਲੇ ਹਾਂ, ਜਦੋਂ ਫਰਮਾਣ ਲਗੇ ।



Namdhari Elibrary NamdhariElibrary@gmail.com

ਨਾ ਜਾ ਪਿਆਰਿਆ ਮੰਨ ਦੁਹਾਈ ਸਾਡੀ,
ਤਰਲਾ ਕੀਤਾ ਸੀ ਕਈ ਹਜ਼ਾਰ ਤੇਰਾ !
ਚੰਨ ਤਾਰੇ ਪਏ ਦੇਣ ਉਗਾਹੀ ਸਾਡੀ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਭੀਖ ਮੰਗਦੇ ਲੱਖਾਂ ਭਿਖਾਰੀਆਂ ਨੂੰ,
ਸਚੇ ਪਾਤਸ਼ਾਹ ਤੂੰ ਧਨਵਾਨ ਕੀਤਾ ।
ਮਦਦ ਮਾੜੇ ਮਜ਼ਲੂਮਾਂ ਦੀ ਕਰ ਕਰਕੇ,
ਸ਼ੇਰਾਂ ਵਾਂਗ ਸੀ ਤੂੰ ਬਲਵਾਨ ਕੀਤਾ ।
ਗੰਦੀ ਨਾਲੀਓਂ ਕਢਕੇ ਕੀੜਿਆਂ ਨੂੰ,
ਸਚ ਖੰਡ ਦਾ ਤੂੰ ਸੁਲਤਾਨ ਕੀਤਾ ।
ਦੋਤਾਂ ਤਾਂਈਂ ਫੜਾਇ ਕੇ ਹੱਥ ਮਾਲਾ,
ਤੂੰ ਭਗਤ ਹੀ ਨਹੀਂ, ਭਗਵਾਨ ਕੀਤਾ ।
ਮੇਰੇ ਪ੍ਰੀਤਮਾ ਪਿਆਰਿਆ ਦੱਸ ਤਾਂ ਸਹੀ,
ਕਿਵੇਂ ਭੁਲਾਂਗੇ ਅਸੀਂ ਉਪਕਾਰ ਤੇਰਾ ।
ਰੋਮ ਰੋਮ ਦੇ ਵਿਚੋਂ ਆਵਾਜ਼ ਆਵੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਪਿਆਰ ਵਿਸ਼ਨੂੰ ਦਾ ਲਛਮੀ ਭੁਲ ਜਾਏ,
ਸਤੀ ਸੀਤਾ ਨੂੰ ਰਾਮ ਅਵਤਾਰ ਭੁਲੇ ।
ਉਰਵਸ਼ੀ ਦਾ ਭੁਲੇ ਪ੍ਰੇਮ ਇੰਦਰ,
ਰੋਂਦੀ ਰਾਧਾ ਨੂੰ ਕ੍ਰਿਸ਼ਨ ਮੁਰਾਰ ਭੁਲੇ ।
ਪਾਰਬਤੀ ਦਾ ਛਡੇ ਪਿਆਰ ਸ਼ੰਕਰ,
ਕਾਮੀ ਪੁਰਸ਼ ਨੂੰ ਪਦਮਣੀ ਨਾਰ ਭੁਲੇ ।
ਛਡੇ ਫਾਤਮਾ ਚੰਨ ਦੀ ਸੇਜ ਬੇਸ਼ਕ,
ਬ੍ਰਾਹਮਣ ਗੰਗਾ ਤੇ ਹਰੀਦੁਆਰ ਭੁਲੇ ।
ਇਹ ਭੁਲ ਜਾਵਨ ਸੌ ਸੌ ਜਨਮ ਭਾਵੇਂ,
ਚੇਤਾ ਸਾਨੂੰ ਹੈ ਸਦਾ ਕਰਤਾਰ ਤੇਰਾ ।
ਸਾਨੂੰ ਆਪਣੀ ਯਾਦ ਨਾ ਰਹੇ ਬੇਸ਼ਕ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਸੂਰਜ ਤੇਰੇ ਪਿਆਰ ਦਾ ਰਹੂ ਰੌਸ਼ਨ,
ਨਾ ਇਹ ਤਾਰੇ ਨਾ ਚੰਦ ਨਾ ਭਾਨ ਰਹਿਸੀ ।
ਤੇਰੇ ਪਿਆਰ ਦੇ ਤਾਜ ਨੇ ਰਾਜ ਕਰਨਾ,
ਨਾ ਇਹ ਸੋਨਾ ਤੇ ਨਾ ਸੁਲਤਾਨ ਰਹਿਸੀ ।



Namdhari Elibrary NamdhariElibrary@gmail.com

ਰਹੂ ਤੇਰਾ ਪਿਆਰ ਹੀ ਅਮਰ ਏਥੇ,
ਨਾ ਇਹ ਜਨਤਾ ਤੇ ਨਾ ਜਹਾਨ ਰਹਿਸੀ ।
ਪਰਲੋ ਬਾਦ ਤਕ ਰਹੇਗਾ ਪਿਆਰ ਤੇਰਾ,
ਨਾ ਇਹ ਜ਼ਿਮੀਂ ਤੇ ਨਾ ਅਸਮਾਨ ਰਹਿਸੀ ।
ਤੇਰੇ ਪਿਆਰ ਦੀ ਖਿਚ ਨਿਰੰਕਾਰ ਅੰਦਰ,
ਪਰੇਮੀ ਬਣਿਆ ਹੈ ਤਦੇ ਨਿਰੰਕਾਰ ਤੇਰਾ ।
ਅੰਤ ਦੇਵੇਗੀ ਮੌਤ ਉਗਾਹੀ ਸਾਡੀ,
ਯਾਦ ਰਹੇਗਾ ਸਦਾ ਪਿਆਰ ਤੇਰਾ ।



Namdhari Elibrary NamdhariElibrary@gmail.com

## ਸ਼ੋਮਾ ਏਂ ਪਿਆਰ ਦਾ

**ਸਾਧੂ ਸਿੰਘ 'ਕਿਸਾਨ'**

ਗੁਣਾਂ ਵਿਚੋਂ ਸਤੋ ਗੁਣ, ਰੁੱਤਾਂ ਚੋਂ ਬਸੰਤ ਰੁੱਤ,
ਦੇਸਾਂ ਵਿਚੋਂ ਦੇਸ, ਨ ਪੰਜਾਬ ਦੇ ਮਿਆਰ ਦਾ ।
ਨਦੀਆਂ ਚੋਂ ਗੰਗਾ ਅਤੇ ਸੰਗਾਂ ਵਿਚੋਂ ਸਾਧ ਸੰਗ,
ਫੁੱਲਾਂ ਵਿਚੋਂ ਜੋੜ ਨਾ ਗੁਲਾਬ ਦੇ ਨਿਖਾਰ ਦਾ ।
ਦੁੱਖਾ ਵਿਚੋਂ ਭੁੱਖ ਦੁੱਖ, ਰੋਗਾਂ ਵਿਚੋਂ ਬ੍ਰਿਹੋਂ ਰੋਗ,
ਪਾਣੀਆਂ 'ਚੋਂ ਜ਼ਮਜ਼ਮ ਆਬਿ ਆਬਸ਼ਾਰ ਦਾ ।
ਕਸਮਾਂ 'ਚੋਂ ਗੁਰੂ ਅਤੇ ਮਜ਼੍ਹਬਾਂ 'ਚੋਂ ਨਾਮਧਾਰੀ,
ਜਜ਼ਬਿਆਂ ਦੇ ਵਿਚੋਂ ਤਿਵੇਂ ਜਜ਼ਬਾ ਪਿਆਰ ਦਾ ।
ਹੁੰਦਾ ਨਾ ਪਿਆਰ ਮਾਤਾ ਪਾਲਦੀ ਨਾ ਬੱਚਿਆਂ ਨੂੰ,
ਹੁੰਦਾ ਨਾ ਪਿਆਰ ਕੰਤ ਨਾਰ ਨੂੰ ਵਿਸਾਰਦਾ ।
ਹੁੰਦਾ ਨਾ ਪਿਆਰ ਨਾਮ ਆਸ਼ਕਾਂ ਦਾ ਲੈਂਦਾ ਕੌਣ,
ਹੋਵੇ ਨਾ ਪਿਆਰ ਕੋਈ ਜਾਨ ਕਦੋਂ ਵਾਰਦਾ ।
ਹੁੰਦਾ ਨਾ ਪਿਆਰ ਕੋਈ ਜਪਦਾ ਨਾ ਰਾਮ ਨਾਮ,
ਅੱਲਾ ਅੱਲਾ ਆਖ ਕੇ ਨਮਾਜ਼ ਨਾ ਗੁਜ਼ਾਰਦਾ ।
ਹੁੰਦਾ ਨਾ ਪਿਆਰ ਯਾਰੋ ਰੱਬ ਉੱਕਾ ਹੋਂਵਦਾ ਨਾ,
ਰੱਬ ਦੀ ਜੋ ਹੋਂਦ ਏ, ਕ੍ਰਿਸ਼ਮਾ ਏਂ ਪਿਆਰ ਦਾ ।

ਜਿਦ੍ਹੇ ਵਿਚੋਂ ਨਿਕਲੇ ਕੋਈ ਚੀਜ਼, ਓਹੋ ਵਡਾ ਹੁੰਦੈ,
ਬ੍ਰਹਮਾ ਏਂ ਵੱਡਾ ਜਿਹੜਾ ਵੇਦਾਂ ਨੂੰ ਉਚਾਰਦਾ ।
ਹੁੰਦੇ ਨੇ ਭਗਤ ਵੱਡੇ, ਰਚਦੇ ਨੇ ਤੀਰਥਾਂ ਨੂੰ,
ਸ਼ਿਵਜੀ ਏ ਵੱਡਾ ਗੰਗਾ ਸਿਰ 'ਚੋਂ ਉਤਾਰਦਾ ।
ਗੁਰੂ ਹੁੰਦਾ ਵੱਡਾ, ਜਿਹੜਾ ਸੰਗਤਾਂ ਅਨੇਕ ਥਾਪੇ,
ਵੱਡਾ ਉਸਤਾਦ ਜਿਹੜਾ ਬੱਚਿਆਂ ਸਿਖਾਰਦਾ ।



Namdhari Elibrary NamdhariElibrary@gmail.com

ਰਬ ਤੋਂ ਵੀ ਵੱਡਾ ਜਾਪੇ, ਗੁਰੂ ਪਰਤਾਪ ਸਿੰਘ,
ਕਿਹੜੀ ਗੱਲੋਂ ? ਇਕੋ ਗੱਲ, ਸੋਮਾਂ ਏਂ ਪਿਆਰ ਦਾ।

ਕੋਈ ਓਨੂੰ ਆਖੇ, ਓਹਦਾ ਨਾਮ ਪ੍ਰਤਾਪ ਵਾਲਾ,
ਕੋਈ ਓਨੂੰ ਖੂੰਡੇ ਵਾਲਾ, ਆਖ ਕੇ ਪੁਕਾਰਦਾ।
ਕਿਸੇ ਓਹਨੂੰ ਕਿਹਾ, ਓਹ ਤੇ ਰਾਜਿਆਂ ਦਾ ਮਹਾਰਾਜਾ,
ਕਿਸੇ ਓਹਨੂੰ ਕਿਹਾ, ਉਹ ਸੀ ਰੂਪ ਨਿਰੰਕਾਰ ਦਾ।
ਆਖਿਆ ਗੁਪਾਲ ਕਿਸੇ, ਵਿਛੜੇ ਮਿਲਾਨਹਾਰ,
ਕਿਸੇ ਕਿਹਾ ਜੋਗੀ ਓਹਨੂੰ, ਰਾਮ ਦੇ ਦੀਦਾਰ ਦਾ।
ਕੋਈ ਕੁਝ ਆਖੇ, ਆਖਾਂ ਸਾਰਿਆਂ ਤੋਂ ਵੱਡੀ ਗੱਲ,
ਗੁਰੂ ਪਰਤਾਪ ਸਿੰਘ ਸੋਮਾ ਏਂ ਪਿਆਰ ਦਾ।



Namdhari Elibrary NamdhariElibrary@gmail.com

## ਗ਼ ਜ਼ ਲ

**ਸੰਤੋਖ ਸਿੰਘ 'ਸਾਜਨ'**

ਾਮ ਜਿਹਦਾ ਹਰ ਜਬਾਂ ਦਾ ਜਾਪ ਹੈ।
ਉਹੀ ਮੇਰਾ ਸਤਿਗੁਰੂ ਪਰਤਾਪ ਹੈ।

ਤੇਜ ਲੱਖਾਂ ਸੂਰਜਾਂ ਤੋਂ ਤੇਜ਼ ਸੀ,
ਠੰਡ ਮੰਗੀ ਚੰਦ ਜੀਹਤੋਂ ਆਪ ਹੈ।

ਬੋਲ ਓਹਦਾ ਬਖਸ਼ਿਸ਼ਾਂ ਦਾ ਬੋਹਲ ਸੀ,
ਵੰਡਦਾ, ਨਾ ਤੋਲ ਹੈ ਨਾ ਮਾਪ ਹੈ।

ਤਰਸਦੇ ਸੀ ਦੇਵਤੇ ਦੀਦਾਰ ਨੂੰ,
ਚਰਨ ਪਰਸੇ, ਹਰਨ ਕੀਨੇ ਤਾਪ ਹੈ।

ਭੁੱਲਦਾ ਨਾ ਪਲਕ ਵੀ ਉਹ ਉਮਰ ਭਰ,
ਪਲਕ ਭਰ ਜੋ ਹੋ ਗਿਆ ਮਿਲਾਪ ਹੈ।

ਜ਼ਿੰਮੀਂ ਤੋਂ ਆਕਾਸ਼ ਤਕ ਪਾੜਾ ਮਿਣੇ,
ਨਿਰਬਲਾਂ ਦੀ ਕੰਡ ਲਗੀ ਥਾਪ ਹੈ।

ਦੁਸ਼ਮਣਾਂ ਨੂੰ ਮੀਤ ਕਹਿਣਾ ਰੀਤ ਸੀ,
ਜਬਰ ਸਾਂਹਵੇਂ ਅੱਖ ਨੀਵੀਂ ਪਾਪ ਹੈ।



Namdhari Elibrary NamdhariElibrary@gmail.com

ਗੁਨਹਾਂਗਾਰਾਂ ਗਲੇ ਲਾਣਾ ਬੰਦਗੀ,
ਵਰ ਦਿਤੇ, ਨਾ ਕਿਸੇ ਸਰਾਪ ਹੈ ।

"ਸਾਜਨਾ" ਉਹ ਸੱਭ ਦਾ ਮਹਿਬੂਬ ਸੀ,
ਖੂਬ ਓਹਦਾ ਪੰਥ, ਖੂਬ ਈ ਆਪ ਹੈ ।



Namdhari Elibrary NamdhariElibrary@gmail.com

# ਗੁਰੂ ਪਰਤਾਪ ਪਿਆਰੇ

**ਰਣਜੀਤ ਕੌਰ 'ਜੀਤ'**

ਗੁਰੂ ਪਰਤਾਪ ਪਿਆਰੇ ਤੇਰੇ ਚੋਜ ਨਿਆਰੇ ਨੇ
ਤੂਹੀਓਂ ਆਪਣੇ ਨੂਰੀ ਜਲਵੇ ਸੰਗਤ ਵਿਚ ਖਿਲਾਰੇ ਨੇ

ਜਿਹਨੂੰ ਤੇਰਾ ਇਕ ਵਾਰੀ ਦੀਦਾਰ ਹੋ ਗਿਆ
ਗੇੜ ਚੁਰਾਸੀ ਵਾਲੇ ਤੋਂ ਉਹ ਤਾਂ ਪਾਰ ਹੋ ਗਿਆ
ਜੀਵਨ ਮਾਂ ਦੀ ਅੱਖ ਦੇ ਤਾਰੇ
ਗੁਰੂ ਹਰੀ ਸਿੰਘ ਦੇ ਪਿਆਰੇ
ਜੋ ਅਸਮਾਨੀ ਤਾਰੇ ਦਿਸਦੇ ਤੇਰੇ ਹੀ ਝਲਕਾਰੇ ਨੇ
ਗੁਰੂ ਪਰਤਾਪ ਪਿਆਰੇ...

ਗਊਆਂ ਦੇ ਰਖਵਾਲੇ ਧਰਮ ਦੇ ਪਾਲਣ ਵਾਲਿਆ
ਦੇਸ਼ ਕੌਮ ਲਈ ਅਪਣਾ ਜੀਵਨ ਢਾਲਣ ਵਾਲਿਆ
ਤੇਰੇ ਖੁਲ੍ਹੇ ਸਨ ਦੁਆਰੇ
ਤੂੰ ਬਖਸ਼ੇ ਕਈ ਹਤਿਆਰੇ
ਤੂੰ ਰਖਿਆ ਮਾਣ ਨਿਮਾਣੇ ਦਾ ਤੇ ਡੁੱਬਦੇ ਤਾਰੇ ਨੇ
ਗੁਰੂ ਪਰਤਾਪ ਪਿਆਰੇ...

ਤੂੰ ਤੇ ਲੱਖਾਂ ਪਾਠ ਕਰਾਏ ਚੀਨੀ ਦੇ ਅਸਵਾਰ ਲਈ
ਕਈ ਹੋਮ ਯਗ ਵੀ ਕੀਤੇ ਉਸੇ ਦੇ ਦੀਦਾਰ ਲਈ
ਬਰਸਨ ਸਾਡੇ ਨੈਣ ਵੀਚਾਰੇ
ਹੋਸਨ ਕਦੋਂ "ਜੀਤ" ਦੀਦਾਰੇ
ਕੀਤਾ ਕਿਹੜੇ ਦੇਸ ਬਸੇਰਾ ਖੋਜੀ ਲੱਭਦੇ ਹਾਰੇ ਨੇ
ਗੁਰੂ ਪਰਤਾਪ ਪਿਆਰੇ...



Namdhari Elibrary NamdhariElibrary@gmail.com

ਸਾਨੂੰ ਤੂੰ ਜਗਜੀਤ ਦੇ ਨੈਣਾਂ ਅੰਦਰ  ਵਸਦਾ ਜਾਪਦੈਂ
ਉਹਦੇ ਰੋਮ ਰੋਮ 'ਚ ਖਿੜਦਾ ਏਂ ਤੇ ਹੱਸਦਾ ਜਾਪਦੈਂ
ਉਹਦੇ ਮਿੱਠੇ ਸ਼ਬਦ ਉਚਾਰੇ
ਜਾਪਣ ਤੇਰੇ ਬੋਲ ਪਿਆਰੇ
ਆਵੇ ਸੁੱਚੀ ਸੁੱਚੀ ਖੁਸ਼ਬੋ ਸੋਚਾਂ ਨਾਲ ਸ਼ਿੰਗਾਰੇ ਨੇ
ਗੁਰੂ ਪਰਤਾਪ ਪਿਆਰੇ ਤੇਰੇ ਚੋਜ ਨਿਆਰੇ ਨੇ



Namdhari Elibrary NamdhariElibrary@gmail.com

## ਯਾਦ

**ਰਣਜੀਤ ਕੌਰ 'ਜੀਤ'**

ਹੰਝੂਆਂ ਦੀ ਰਵਾਨੀ ਏ
ਗੁਰੂ ਪਰਤਾਪ ਦੀਆਂ
ਯਾਦਾਂ ਦੀ ਕਹਾਣੀ ਏਂ ।

ਸੁੰਞੀ ਦੁਨੀਆ ਕਰ ਗਏ ਓ ।
ਭੁੱਲ ਅਸੀਂ ਸਕਦੇ ਨਹੀਂ
ਉਪਕਾਰ ਜੋ ਕਰ ਗਏ ਓ ।

ਕੁਝ ਓਸੱਰਦੀ ਬਣਦੀ ਨਹੀਂ
ਛਡ ਗਏ ਓ ਜਿਸ ਦਿਨ ਦੇ
ਰਹੀ ਸੁਧਬੁੱਧ ਤਨ ਦੀ ਨਹੀਂ ।

ਅਸਾਂ ਜਾਤੀ ਸਾਰ ਨਹੀਂ
ਤੇਰੀਆਂ ਬਖਸ਼ਿਸ਼ਾਂ ਦਾ
ਕੋਈ ਪਾਰਾਵਾਰ ਨਹੀਂ ।

ਉਹਦੇ ਦਰਸ਼ਨ ਪਾਂਵਾਂਗੇ
ਚਰਨਾਂ ਤੇ ਸਿਰ ਰਖ ਕੇ
ਸਭ ਭੁਲਾਂ ਬਖਸ਼ਾਵਾਂਗੇ ।

ਤੁਸੀਂ ਕ੍ਰਿਪਾ ਜਰੂਰ ਕਰਿਓ
ਅਪਣਿਆਂ ਚਰਨਾਂ ਤੋਂ
ਇਕ ਪਲ ਵੀ ਨਾ ਦੂਰ ਕਰਿਓ ।



Namdhari Elibrary NamdhariElibrary@gmail.com

# ਮਹਿਮਾ ਵਡ ਪਰਤਾਪੀ ਦੀ

**ਸੁਰਜੀਤ ਖੁਰਸ਼ੀਦੀ**

ਵਡ ਪਰਤਾਪੀ ਕੌਤਕ ਕੀਤੇ ਸਾਰੇ ਜਗ ਤੋਂ ਨਿਆਰੇ
ਚਰਨ-ਕੰਵਲ ਸਭ ਸੀਸ ਨਿਵਾਈਏ ਜਾਈਏ ਵਾਰੇ ਵਾਰੇ

ਸਦਾ-ਵਰਤ ਲੰਗਰ ਚਲਵਾਇਆ ਟੋਟ ਨਾ ਆਈ ਕੋਈ
ਗਊ-ਗ਼ਰੀਬ ਦੀ ਰਖਿਆ ਕੀਤੀ ਬਣੇ ਜਗਤ ਦੀ ਢੋਈ

ਨਾਨਕ ਪੰਥੀ 'ਕਠੇ ਕਰਕੇ ਇਕੋ ਮੰਚ ਬਹਾਇਆ
''ਸਾਰੇ ਰਲ ਮਿਲ ਵੱਸੋ ਭਾਈ'', ਆਪ ਨੇ ਇਹ ਫਰਮਾਇਆ

ਗੁਰੂ ਰਾਮ ਸਿੰਘ ਤਨ ਮਨ ਰਚਿਆ, ਤਨ ਮਨ ਓਹੋ ਹੋਇਆ
ਫੇਰ ਵੀ ਦੇਖੋ ਮਿਲਣ ਤਾਂਘ ਵਿਚ ਵਡ ਪਰਤਾਪੀ ਰੋਇਆ

''ਵਿਛੜੇ ਈ ਨਾਹ ਤੁਰ ਜਾਈਏ ਰੱਬਾ'', ਨਿਸ ਦਿਨ ਇਹੋ ਕਹਿੰਦੇ
ਭਜਨ, ਸਿਮਰਨ, ਬਰਨੀ ਦੇਖੋ ਸਦਾ ਹੀ ਚਲਦੇ ਰਹਿੰਦੇ

ਆਜ਼ਾਦੀ ਦੀ ਜੰਗ ਵਿਚ ਦੇਖੋ ਪਿਛੇ ਲਾਏ ਸਾਰੇ
ਬਿੱਲੇ ਨੂੰ ਫਿਰ ਦੇਸੋਂ ਕੱਢਿਆ, ਜਾਈਏ ਸਭ ਬਲਿਹਾਰੇ

ਵੰਡ ਦੇ ਘਲੂਘਾਰੇ ਦੇ ਵਿਚ ਉਥੱਲ ਪੁਥੱਲ ਸੀ ਹੋਇਆ
ਆਪਣੇ ਸਿੱਖਾਂ ਨੂੰ ਪਰਤਾਰੀ ਖੰਭਾਂ ਹੇਠ ਲੁਕੋਇਆ

ਰੋਟੀ, ਬਸਤਰ, ਕੁੱਲੀ, ਜੁੱਲੀ ਦੇ ਪੈਲੀ ਵਿਚ ਬਿਠਾਇਆ
ਵੱਡ ਪਰਤਾਪੀ ਕੌਤਕ ਕੀਤਾ ਜੀਵਨ ਨਗਰ ਵਸਾਇਆ



Namdhari Elibrary NamdhariElibrary@gmail.com

ਧੰਨ ਗੁਰੂ ਜੀ ਵਡ ਪਰਤਾਪੀ ਲੱਖਾਂ ਪ੍ਰਾਣੀ ਤਾਰੈ
ਭੁੱਲੇ ਭਟਕੇ ਸੀਨੇ ਲਾਏ, ਬਖ਼ਸ਼ੇ ਓਗਣ ਹਾਰੇ

ਦੇਹ ਦਾ ਓਹਲਾ ਕਰ ਗਏ ਭਾਵੇਂ ਹਿਰਦੇ ਵਿਚ ਨੇ ਰਹਿੰਦੇ
'ਸੁਰਜੀਤ' ਨੂੰ ਯਾਰੋ ਸਾਰੇ ਕੂਕੇ ਇਸ ਦਿਨ ਇਹੋ ਕਹਿੰਦੇ ।



Namdhari Elibrary NamdhariElibrary@gmail.com

## ਗੁਰੂ ਸ਼ਾਹ ਅਸਵਾਰ

**ਬੂਟਾ ਸਿੰਘ ਪ੍ਰੀਤਮ**

ਧੰਨ ਮੇਰੇ ਨਿਰੰਕਾਰ, ਸੁਣ ਧਰਤੀ ਦੀ ਪੁਕਾਰ,
ਗੁਰ ਸ਼ਾਹ ਅਸਵਾਰ, ਭਾਗ ਲਾਏ ਸੀ ਹਿਸਾਰ ਨੂੰ ।
ਉਤੇ ਘੱਗਰ ਦਰਯਾ, ਬਣ ਸਿੱਖੀ ਦੇ ਮਲਾਹ,
ਬੇੜਾ ਦਿਤਾ ਬੰਨੇ ਲਾ, ਜਪੋ ਓਸ ਨਿਰੰਕਾਰ ਨੂੰ ।
ਭਾਜ ਪਈ ਜਦ ਪਾਰੋਂ, ਕੂੰਜਾਂ ਵਿੱਛੜੀਆਂ ਡਾਰੋਂ,
ਕੋਇਲਾਂ ਵਾਂਝੀਆਂ ਬਹਾਰੋਂ, ਦੁੱਖ ਆਏ ਨਰ ਨਾਰ ਨੂੰ ।
ਭਾਈ ਭਾਈਆਂ ਤੋਂ ਸੀ ਛੁੱਟੇ, ਫੁੱਲ ਟਾਹਣੀਆਂ ਤੋਂ ਟੁੱਟੇ,
ਬਾਤ ਕੋਈ ਵੀ ਨਾ ਪੁੱਛੇ, ਜੀਵ ਭੁੱਲੇ ਸਤਿਕਾਰ ਨੂੰ ।
ਫਿਰ ਬਿਪਤਾ ਆ ਪਈ, ਮਰਨ ਭੁੱਖ ਦੁੱਖੋਂ ਕਈ,
ਪੀੜ ਜਿੰਦੜੀਆਂ ਸਹੀ, ਨਾ ਕੋਈ ਪੁੱਛੇ ਸਾਰ ਨੂੰ ।
ਤਦ ਗੁਰ ਵੱਡ ਪ੍ਰਤਾਪੀ, ਪੀੜ ਜਿਨ੍ਹਾਂ ਨੇ ਸੰਞਾਪੀ,
ਦੇ ਕੇ ਕੰਡ ਉੱਤੇ ਥਾਪੀ, ਕੀਤਾ ਭਵਜਲ ਤੋਂ ਪਾਰ ਨੂੰ ।
ਦਿਤਾ ਭੁਖਿਆਂ ਨੂੰ ਟੁੱਕ, ਕੱਢ ਸਾਰੀ ਦਿਤੀ ਭੁੱਖ,
ਵੰਡੋਂਦੇ ਦੁੱਖੀਆਂ ਦੇ ਦੁੱਖ, ਗੁਰ ਕਰਦੇ ਉਪਕਾਰ ਨੂੰ ।
ਸਾਰੇ ਗਊ ਤੇ ਗਰੀਬ, ਪਾਈ ਜਿਨ੍ਹਾਂ ਨੇ ਵੀ ਦੀਦ,
ਓਹੀ ਬਣ ਗਏ ਮੁਰੀਦ, ਸਕੇ ਭੁੱਲ ਨਾ ਪਿਆਰ ਨੂੰ ।

ਕਈ ਨਿਮਾਣੇ ਤੇ ਲਾਚਾਰ, ਦਿਤੇ ਓਹ ਵੀ ਗੁਰਾਂ ਤਾਰ,
ਕਈ ਬਣਾਏ ਸਰਦਾਰ, ਅੱਜ ਮਾਣਦੇ ਬਹਾਰ ਨੂੰ ।
ਬਣਾ ਕੇ ਨਵੀਂ ਤਰਕੀਬ, ਖੋਲ੍ਹੇ ਕਈਆਂ ਦੇ ਨਸੀਬ,
ਗਾਉਂਦੇ ਜੱਸ ਨੇ ਗ਼ਰੀਬ, ਤੱਕ ਗੁਰਾਂ ਦੇ ਵਿਹਾਰ ਨੂੰ ।



Namdhari Elibrary NamdhariElibrary@gmail.com

ਨਾਲੇ ਨਾਮ ਜਪਵਾਉਂਦੇ, ਅੰਮ੍ਰਿਤ ਬਾਣੀ ਬਰਸੌਂਦੇ,
ਗਲ ਦੁੱਖੀਆਂ ਨੂੰ ਲਾਉਂਦੇ, ਜਾਂਦੇ ਤਾਰੀ ਸੰਸਾਰ ਨੂੰ ।
ਰਹਿੰਦਾ ਚਲਦਾ ਸੀ ਜੱਗ, ਬਚਾਏ ਬੁੱਚੜਾਂ ਤੋਂ ਵੱਗ,
ਮਾਲਾ ਗਲ ਸਿੱਧੀ ਪੱਗ, ਏਹੋ ਚੁਭੀ ਸਰਕਾਰ ਨੂੰ ।
ਸ਼ੁਕਰ ਪ੍ਰੀਤਮ ਦਾ ਕਰ, ਚਿੱਤ ਚਰਨਾਂ ਤੇ ਧਰ,
ਜਾਈਏ ਵਿਛੜੇ ਨਾ ਮਰ, "ਪ੍ਰੀਤਮ" ਤਰਸਦੇ ਦਿਦਾਰ ਨੂੰ ।



Namdhari Elibrary NamdhariElibrary@gmail.com

## ਪਿਆਰ ਤੇਰਾ

**ਮਹਿੰਦਰ ਸਿੰਘ, ਗੜ੍ਹ ਸ਼ੰਕਰ**

ਗੱਲ ਤੇਰੇ ਪਿਆਰ ਦੀ ਛੇੜ ਬੈਠੇ,
ਮੇਰੇ ਪ੍ਰੀਤਮਾ ਤੇਰੇ ਇਹ ਮਸਤ ਫੱਕਰ ।
ਜਿੰਦ ਪਹਿਲੋਂ ਹੀ ਵਿਲਕਦੀ ਤੜਫਦੀ ਨੂੰ,
ਤ੍ਰੁਲੋ-ਮੱਛੀ ਫੜਕਾਯਾ ਇਸ ਸਖਤ ਟੱਕਰ ।
ਮੂਹਧੇ ਮੂੰਹ ਗੁਟ ਪਏ ਸਾਂ, ਬ੍ਰਿਹੋਂ ਕੁੱਠੇ,
ਹਿਰਦੇ ਘੁੰਮਦੇ ਯਾਦਾਂ ਦੇ ਮਸਤ ਚੱਕਰ ।
ਘੁੰਮ ਘੁੰਮ ਫਿਲਮ ਵਾਂਗੂ ਸਾਂਹਵੇਂ ਆ ਰਹੇ ਸਨ,
ਮਿੱਠੀ ਯਾਦਾਂ ਦੇ ਤੇਰੇ ਉਹ ਹਸਤ ਪੱਤਰ ।
ਅਚਨ ਚੇਤ ਗਲ 'ਪਿਆਰ' ਦੀ ਪਈ ਕੰਨੀਂ,
ਖੁੱਸ ਗਿਆ ਉਹ ਰੱਬੀ ਦਰਬਾਰ ਤੇਰਾ ।
ਭੌਰ ਭੌਰ ਕੁਝ ਹੋਰ ਦੇ ਹੋਰ ਹੋ ਗਏ,
ਕਿਹਨੂੰ, ਕਿਵੇਂ, ਕਿਉਂ, ਦੱਸਾਂ ਪਿਆਰ ਤੇਰਾ ?

ਗੱਲ ਤੂੰਹੀਓਂ ਹੀ ਦੱਸੀ ਸੀ ਆਪ ਮੈਨੂੰ,
ਨਾਲੇ ਕਿਹਾ ਸੀ, ਕਿਸੇ ਨੂੰ ਦੱਸਣੀ ਨਹੀਂ ।
'ਜੋ ਕੁਛ ਪਾਈਏ ਉਹ ਕਿਸੇ ਨੂੰ ਦੱਸੀਏ ਨਾ,
ਨਹੀਂ ਤਾਂ ਪ੍ਰੇਮ ਭਗਤੀ ਮਨ ਵਿਚ ਵੱਸਣੀ ਨਹੀਂ ।'
ਸਦਕੇ ਦੇਸ ਰਹੱਸ ਦੇ ਮੌਜ ਕਰੀਏ,
ਕੱਢੀ ਲੀਕ ਤੇਰੀ ਕਦੇ ਟੱਪਣੀ ਨਹੀਂ ।
ਭੇਤ ਖੋਹਲਣਾ, ਹੁਕਮ ਅਦੂਲ ਕਰਨਾ,
ਦੋਹਾਂ ਜੁਰਮਾਂ ਦੀ ਸਜ਼ਾ ਮੈਂ ਚੱਖਣੀ ਨਹੀਂ ।
ਭੇਤ ਖੋਹਲਣੇ ਦੀ ਉੱਕੀ ਸ਼ਕਤਿ ਨਾਹੀਂ,



Namdhari Elibrary NamdhariElibrary@gmail.com

ਰਹਾਂ ਸਦਾ ਹੀ ਆਗਿਆਕਾਰ ਤੇਰਾ ।
ਭੁਲੇ ਭਟਕਦੇ ਜੀਆਂ ਨੂੰ ਬਖਸ਼ ਲੀਤਾ,
ਹੈ ਕੀ ਭੁਲਣੇ ਯੋਗ ਇਹ ਪਿਆਰ ਤੇਰਾ ?

ਤੇਰੀ ਤੱਕਣੀ ਉਹ, ਤੇਰੀ ਮੁਸਕਣੀ ਉਹ,
ਅਜੇ ਤੀਕ ਅੱਖਾਂ ਅਗੇ ਭੌਂ ਰਹੀ ਏ ।
ਤੇਰਾ ਗਰਜਣਾ ਉਹ, ਤੇਰਾ ਝਿੜਕਣਾ ਉਹ,
ਤੇਰਾ ਬਖਸ਼ ਦੇਣਾ, ਦੁਨੀਆ ਗੌਂ ਰਹੀ ਏ ।
ਵਡੇ ਮਾਨੀ, ਹੰਕਾਰੀ ਵਲ ਤਕ ਲਿਆ ਜੇ,
ਉਹਦੇ ਵਿਚ ਭੀ ਮੂਲ ਨ ਹਉਂ ਰਹੀ ਏ ।
ਜਿਹਨੂੰ ਤੂੰ ਜਾਣਾਇੰ ਉਹ ਜਾਣ ਲੈਸੀ,
ਬਾਕੀ ਤ੍ਰਿਹੁ ਗੁਣੀਂ ਦੁਨੀਆ ਸੌਂ ਰਹੀ ਏ ।
ਮੁਕਤ ਭੁਗਤ ਦੀ ਕਾਈ ਨਾ ਲੋੜ ਮੈਨੂੰ,
ਤੂਹੀਓਂ ਰੱਬ, ਦਾਤਾਰ, ਕਰਤਾਰ ਮੇਰਾ ।
ਸੌਵਾਂ, ਜਾਗਾਂ ਜਾਂ ਬੈਠਾਂ, ਬਸ ਚਾਹ ਇਹ ਵੇ,
ਮਿਲਦਾ ਰਹੇ ਇਕ ਸਾਰ ਪਿਆਰ ਤੇਰਾ ।

ਟੁੱਟੀ ਗੰਢ ਦੇ ਸੰਤ ਸਿਪਾਹੀਆ ਵੇ,
ਓਹਦੇ ਚਰਨਾਂ ਵਿਚ ਕੱਲਾ ਹੀ ਜਾ ਬੈਠੋਂ ?
ਓਹਦੇ ਦਰਸ ਲਈ ਅਸੀਂ ਵੀ ਤਰਸਦੇ ਸਾਂ,
ਸਾਡੀ ਤਾਂਘ, ਕੀ ਮੂਲੋਂ ਭੁਲਾ ਬੈਠੋਂ ?
ਮੰਨਿਆ ਦੰਭੀ ਹਾਂ, ਭੇਖੀ ਹਾਂ, ਬੱਗ ਵਾਂਗੂ,
ਆਖਰ ਤੇਰੇ ਹਾਂ, ਤੂੰਹੀਓਂ ਭੁਲਾ ਬੈਠੋਂ ।
ਚੀਨੀ ਵਾਲੇ ਦੇ ਦਰਸ਼ਨੋਂ ਬਹੁਤ ਪਹਿਲਾਂ,
ਸਾਥੋਂ ਤੂੰ ਵੀ ਤਾਂ ਪੱਲਾ ਛੁਡਾ ਬੈਠੋਂ ।
ਉਘੇ ਸੰਤ ਸਭ ਪਹਿਲੋਂ ਹੀ ਤੋਰ ਦਿਤੇ,
ਸਮਝ ਪੈਂਦਾ ਹੁਣ ਗੁੱਝਾ ਅਸਰਾਰ ਤੇਰਾ ।
ਅੱਖੋਂ ਵਖ ਹੋਇਓਂ, ਦਿਲੋਂ ਕਿਵੇਂ ਜਾਸੇਂ,
ਘੁਟ ਘੁਟ ਰਖਾਂਗੇ ਮਿੱਠਾ ਪਿਆਰ ਤੇਰਾ ।

ਅੱਛਾ ਮੌਜ ਦਿਆ ਮਾਲਕਾ ! ਰਜ਼ਾ ਤੇਰੀ,
ਆਪਣੇ ਚੋਜਾਂ ਨੂੰ ਆਪ ਹੀ ਜਾਣਦਾ ਤੂੰ ।
ਅਸੀਂ ਜੀਵ ਅਲਪਗ ਕੀ ਜਾਣ ਸਕੀਏ ?
ਖੋਟੇ ਖਰੇ ਸਭ ਆਪੇ ਪਛਾਣਦਾ ਤੂੰ ।



Namdhari Elibrary NamdhariElibrary@gmail.com

ਗੁੱਸੇ ਗਿਲੇ, ਸ਼ਕੈਤਾਂ ਤੇ ਰੋਸਿਆਂ ਦੇ,
ਅੰਤਰ ਭਾਵ ਨੂੰ ਵਾਹਵਾ ਸਿੰਞਾਣਦਾ ਤੂੰ ।
ਖੱਤੇ ਰੋਜ਼ ਬੇਅੰਤ ਕਮਾਵੰਦੇ ਹਾਂ,
ਸਾਹਿਬ ਗਉਰਾ ਏਂ ਕੁੱਲ ਜਹਾਨ ਦਾ ਤੂੰ ।
ਤੇਰੀ ਜਗਤ ਰੀਤੀ, ਤੇਰੀ ਜਗਤ ਨੀਤੀ,
ਤੇਰਾ ਪਸ਼ੂ ਪਾਲਨ ਤੇ ਵਿਹਾਰ ਤੇਰਾ ।
ਸਾਰੇ ਜਗ ਦੇ ਸਾਂਝਿਆ ਰਾਂਝਿਆ ਵੇ,
ਹਰ ਕੋਈ ਯਾਦਦਾ ਮਿੱਠਾ ਪਿਆਰ ਤੇਰਾ ।



Namdhari Elibrary NamdhariElibrary@gmail.com

## ਮਹਾਰਾਜ ਦੇ ਕਦਮਾਂ ਵਿਚ

**ਪ੍ਰਕਾਸ਼ ਸਾਥੀ**

ਸਤਿਗੁਰੂ ਪਰਤਾਪ ਸਿੰਘ ਦੀ ਸਾਡੇ ਦਿਲ ਤੇ ਛਾਪ ਏ
ਜੀਭ ਹੈ ਸਾਡੀ ਮਗਰ ਓਹ ਬੋਲਦਾ ਪਿਆ ਆਪ ਏ
ਚਿੱਟੇ ਵਸੱਤਰ, ਚਿੱਟੀ ਮਾਲਾ, ਦਿਲ ਦਾ ਦਰਪਣ ਸਾਫ਼ ਏ
ਸਾਡੇ ਦਿਲ ਦੇ ਪਿਆਰ ਨੂੰ ਅੱਜ ਕੌਣ ਸਕਦਾ ਨਾਪ ਏ
ਹੋ ਰਿਹਾ ਸੂਤਰ ਦੀ ਮਾਲਾ ਦਾ ਦਿਲਾਂ ਵਿਚ ਜਾਪ ਏ
ਸਤਿਗੁਰੂ ਪਰਤਾਪ ਸਿੰਘ ਦਾ ਇਹ ਸਾਰਾ ਪਰਤਾਪ ਏ

ਗਊਆਂ ਦੀ ਸੇਵਾ ਉਨ੍ਹਾਂ ਕੀਤੀ ਬੜੇ ਹੀ ਪਿਆਰ ਨਾਲ
ਘੋੜਿਆਂ ਨੂੰ ਸੀ ਦੋੜਾਂਦੇ ਹਵਾ ਦੀ ਰਫ਼ਤਾਰ ਨਾਲ
ਸੁਦੇਸ਼ੀ ਖੱਦਰ ਦੇ ਉਹ ਵਸਤਰ ਪਾਉਂਦੇ ਸੀ ਸਤਿਕਾਰ ਨਾਲ
ਤਾਰ ਉਹਨਾਂ ਦੀ ਜੁੜੀ ਰਹਿੰਦੀ ਸੀ ਪਰ ਕਰਤਾਰ ਨਾਲ
ਬਾਣੀ ਦਾ ਅੰਮ੍ਰਿਤ ਓਹ ਵੰਡਦਾ ਸਾਰਿਆਂ ਨੂੰ ਆਪ ਏ
ਸਤਿਗੁਰੂ ਪਰਤਾਪ ਸਿੰਘ ਦਾ ਇਹ ਸਾਰਾ ਪਰਤਾਪ ਏ

ਸਾਜ਼ ਨੂੰ ਛੋਹਿਆ ਜਦੋਂ ਆਪੇ ਘਟਾਵਾਂ ਆ ਗਈਆਂ
ਮਸਤੀ ਦੇ ਵਿਚ ਛੁਪੀਆਂ ਆਪੇ ਹਵਾਵਾਂ ਆ ਗਈਆਂ
ਚਰਨ ਪਰਸਣ ਦੇ ਲਈ ਆਪੇ ਹੀ ਰਾਹਵਾਂ ਆ ਗਈਆਂ
ਸੇਵਕਾਂ ਲਈ ਉਹਨਾਂ ਦੇ ਦਿਲਾਂ 'ਚੋਂ ਦੁਆਵਾਂ ਆ ਗਈਆਂ
ਸਤਿਗੁਰਾਂ ਨੇ ਸੱਤ ਸੁਰਾਂ ਨੂੰ ਵੀ ਦਿੱਤੀ ਅਜ ਥਾਪ ਏ
ਸਤਿਗੁਰੂ ਪਰਤਾਪ ਸਿੰਘ ਦਾ ਇਹ ਸਾਰਾ ਪਰਤਾਪ ਏ

ਆਉ ਦੁਨਿਆ ਵਾਲਿਉ, ਸੱਚਾ ਸੁੱਚਾ ਦਰਬਾਰ ਹੈ



Namdhari Elibrary NamdhariElibrary@gmail.com

ਛੋਟਾ ਵੱਡਾ ਕੋਈ ਨਹੀਂ, ਸੱਭ ਨਾਲ ਗੂੜਾ ਪਿਆਰ ਹੈ
ਧਰਮ ਕੋਈ ਵੀ ਹੋਵੇ, ਸਭ ਦਾ ਏਥੇ ਸਤਕਾਰ ਹੈ
ਸੇਵਕਾਂ ਨੂੰ ਸਤਿਗੁਰਾਂ ਦਾ ਹੋ ਰਿਹਾ ਦੀਦਾਰ ਹੈ
ਮਿਹਰ 'ਸਾਥੀ' ਤੇ ਕਰੋ, ਦਰ ਤੇ ਬੈਠਾ ਚੁੱਪਚਾਪ ਏ
ਸਤਿਗੁਰੂ ਪਰਤਾਪ ਸਿੰਘ ਦਾ ਇਹ ਸਾਰਾ ਪਰਤਾਪ ਏ



Namdhari Elibrary NamdhariElibrary@gmail.com

## ਹੁਣ ਪਾਪ ਮਾਰਨੇ ਓਖੇ ਕੀ

**ਰਾਮ ਨਾਥ ਸਰਵਰ**

ਕਈ ਸਦੀਆਂ ਭਾਰਤ ਦੇਸ ਵਿਖੇ ਜਨਮਾਂ ਹਿਤ ਜਾਤ ਕੁਜਾਤ ਰਹੀ
ਕਈ ਸਦੀਆਂ ਅੱਗੇ ਜਨਮਾਂ ਦੇ, ਕਰਮਾਂ ਦੀ ਬਾਜ਼ੀ ਮਾਤ ਰਹੀ
ਕਈ ਸਦੀਆਂ ਪਾਪ ਦੇ ਨ੍ਹੇਰੇ ਵਿਚ ਸ਼ੁਭ ਜੀਵਨ ਦੀ ਪਰਭਾਤ ਰਹੀ
ਸਦੀਆਂ ਤਕ ਵਿਸ਼ੇ ਵਿਕਾਰਾਂ ਦੀ ਬੁੱਕਲ ਵਿਚ ਭਾਰਤ ਮਾਤ ਰਹੀ
ਕਈ ਸਦੀਆਂ ਸੱਸੀ ਆਤਮ ਦੀ, ਅਗਿਆਨ ਦੇ ਥੱਲ ਵਿਚ ਰੋਂਦੀ ਰਹੀ
ਵੱਸ ਪਈ ਸਲੇਟੀ ਖੇੜਿਆਂ ਦੇ, ਰਾਂਝਣ ਲਈ ਤਰਲੇ ਪਾਉਂਦੀ ਰਹੀ

ਉਪਕਾਰ ਦੇ ਗਲ ਤੇ ਸਦੀਆਂ ਤਕ ਸੁਆਰਥ ਦਾ ਆਰਾ ਚਲਦਾ ਰਿਹਾ
ਪੀ ਪੀ ਕੇ ਰੱਤ ਪੜੋਸੀ ਦੀ, ਹੰਕਾਰ ਦਾ ਦੁੰਬਾ ਪਲਦਾ ਰਿਹਾ
ਪਾਪਾਂ ਦਾ ਦਾਨਵ ਭਗਤਾਂ ਦੀ ਛਾਤੀ ਤੇ ਮੂੰਗੀ ਦਲਦਾ ਰਿਹਾ
ਮਨ ਪੈਰ ਪੈਰ ਤੇ ਘੁਲਦਾ ਰਿਹਾ, ਪਰ ਪੈਰ ਮੈਦਾਨੋਂ ਹਲਦਾ ਰਿਹਾ
ਭਰਮਾਂ ਦੇ ਸੁੰਨੇ ਜੰਗਲ ਵਿਚ ਵਿਸ਼ਿਆ ਦੇ ਡਾਕੂ ਬੁੱਕਦੇ ਰਹੇ
ਸ਼ੈਤਾਨ ਨਿਮਾਣੀ ਜਿੰਦੜੀ ਦੇ ਈਮਾਨ ਦੀ ਗਠੜੀ ਲੁੱਟਦੇ ਰਹੇ

ਇਸ ਦੈਂਤਵਾਦ ਦੇ ਦੌਰ ਅੰਦਰ, ਸੰਸਾਰ ਦੇ ਘੱਲੂ ਘਾਰੇ ਵਿਚ
ਇਸ ਪਿਆਰ ਵਿਹੂਣੀ ਦੁਨੀਆ 'ਤੇ ਭਵਸਾਗਰ ਦੇ ਦੁੱਖ ਧਾਰੇ ਵਿਚ
ਹੰਕਾਰ ਦੀ ਬਲਦੀ ਅੱਗ ਅੰਦਰ, ਨ੍ਹੇਰੇ ਜੀਵਨ ਪੱਖਵਾੜੇ ਵਿਚ
ਨਰਕਾਂ ਦੇ ਕੋਹਝੇ ਜੀਵਨ ਵਿਚ, ਜੀਵਨ ਦੇ ਘੋਰ ਅੰਧਿਆਰੇ ਵਿਚ
ਇਸ ਬਿਰਹਨ ਦੁਖੀਆ ਜਿੰਦੜੀ ਦਾ, ਕੋਈ ਹਉਕਾ ਅੰਬਰ ਪਾੜ ਗਿਆ
ਪਾਪਾਂ ਦੀ ਅਲਖ ਮੁਕਾਉਣੇ ਨੂੰ, ਨਰ ਰੂਪ ਪ੍ਰਭੂ ਨੇ ਧਾਰ ਲਿਆ

ਸੰਸਾਰ ਦੇ ਦੁਖ ਫਿਰ ਇਕ ਪਾਸੇ, ਉਪਕਾਰ ਦੀ ਸ਼ਕਤੀ ਇਕ ਪਾਸੇ



Namdhari Elibrary NamdhariElibrary@gmail.com

ਹੰਕਾਰ ਦੀ ਆਕੜ ਇਕ ਪਾਸੇ, ਕਿਰਦਾਰ ਦੀ ਸ਼ਕਤੀ ਇਕ ਪਾਸੇ
ਦੂਈ ਦੇ ਦਾਨਵ ਇਕ ਪਾਸੇ, ਅਤੇ ਪਿਆਰ ਦੀ ਸ਼ਕਤੀ ਇਕ ਪਾਸੇ
ਪਾਪਾਂ ਦੀਆਂ ਫ਼ੌਜਾਂ ਇਕ ਪਾਸੇ, ਦਾਤਾਰ ਦੀ ਸ਼ਕਤੀ ਇਕ ਪਾਸੇ
ਲਗ ਸਤਿਗੁਰੂ ਚਰਨੀਂ 'ਸਰਵਰ' ਨੇ ਦੁਬਿਧਾ ਨੂੰ ਮਨੋ ਵਿਸਾਰ ਲਿਆ
ਹੁਣ ਪਾਪ ਮਾਰਨੇ ਕੀ ਓਖੇ ਜਦੋਂ ਪਾਪੀ ਨੂੰ ਹੀ ਮਾਰ ਲਿਆ



Namdhari Elibrary NamdhariElibrary@gmail.com

## ਜੀਵਨ ਨਗਰ ਪਵਿਤਰ ਧਰਤੀ

**ਅਮਰੀਕ ਸਿੰਘ**

ਜੀਵਨ ਨਗਰ ਪਵਿੱਤਰ ਧਰਤੀ ਕੀ ਇਸ ਦੇ ਗੁਣ ਕਹੀਏ
ਅਸੀਂ ਸੁਭਾਗੇ ਵਡ-ਭਾਗੇ ਜੋ, ਇੰਸ ਧਰਤੀ ਤੇ ਰਹੀਏ
ਇਸ ਧਰਤੀ ਨੂੰ ਵਡ-ਪਰਤਾਪੀ ਨੇ ਜਦ ਚਰਨ ਛੁਹਾਏ
ਮਿਟੀਓਂ ਸੋਨਾ ਬਣਿਆ ਜੀਕਰ ਲੋਹ ਪਾਰਸ ਛੋਹ ਜਾਏ
ਅਜ ਦੇ ਜੰਮਿਆਂ ਨੂੰ ਜੇ ਦਸੀਏ ਬੰਜਰ ਸੀ ਇਹ ਧਰਤੀ
ਉਹ ਪੁੱਛਣਗੇ ਜੇ ਬੰਜਰ ਸੀ ਤਾਂ ਕਿਸ ਆਬਾਦ ਇਹ ਕਰਤੀ
ਵਡ ਪਰਤਾਪੀ ਨੇ ਹੀ ਇਸ ਦੀ ਪਲਟੀ ਐਸੀ ਕਾਇਆ
ਇਸ ਮਿੱਟੀ ਦਾ ਜ਼ੱਰਾ ਜ਼ੱਰਾ ਕੋਹੇਨੂਰ ਬਣਾਇਆ
ਬਖ਼ਸ਼ੀ ਐਸੀ ਸ਼ਕਤੀ ਉਹਨਾਂ ਆਪਣੇ ਲੋਕਾਂ ਤਾਈਂ
ਬੰਜਰ ਬਾਗ਼ ਬਹਿਸ਼ਤ ਬਣਾਏ ਬੰਗਲੇ ਥਾਈਂ ਥਾਈਂ
ਬਰਕਤ ਦੇ ਬੰਦ ਬੂਹੇ ਖੋਹਲੇ ਕਿਸਮਤ ਦਾਸੀ ਹੋਈ
ਸੰਕਟ ਨੱਸੇ ਪੂਛ ਦਬਾ ਕੇ ਦੂਰ ਉਦਾਸੀ ਹੋਈ
ਜਿਸ ਪਾਣੀ ਨੂੰ ਤਰਸ ਤਰਸ ਕੇ ਗਊ ਮਰਦੀਆਂ ਤੱਕੀਆਂ
ਉਸ ਪਾਣੀ ਨੂੰ ਕੱਢ ਕੱਢ ਬੰਬੀਆਂ ਰਾਤ ਦਿਨੇ ਅਜ ਥੱਕੀਆਂ
ਇਸ ਧਰਤੀ ਦੇ ਕਣ-ਕਣ ਵਿਚੋਂ ਵਡ ਪਰਤਾਪੀ ਦਿੱਸੇ
ਉਸ ਦੀ ਮਿਹਰ ਦਾ ਸਦਕਾ ਸਭ ਘਰ ਧੰਨ ਦੇ ਸੰਗ ਨੇ ਵਿੱਸੇ
ਘਰ ਘਰ ਦੇ ਵਿਚ ਨੱਚੀਆਂ ਖੁਸ਼ੀਆਂ ਥਾਂ ਥਾਂ ਪੈਣ ਧਮਾਲਾਂ
ਫਿਕਰ ਲੱਗਾ ਏ ਬਹੁਤਿਆਂ ਤਾਈਂ, ਮੈਂ ਧਨ ਕਿਵੇਂ ਸੰਭਾਲਾਂ
ਮਿਹਰ ਉਸ ਦੀ ਮਿਹਨਤ ਸਾਡੀ ਨੇ ਉਹ ਰੰਗ ਜਮਾਇਆ
ਦੁਖ ਨੱਸੇ ਭੁੱਖ ਡੇਰਾ ਚਾਇਆ ਲਥਾ ਸੰਕਟ ਸਾਇਆ
ਥੇ ਮਾਲਕ ਸਭ ਮਾਲਕ ਹੋਏ, ਨੰਗ ਬਣੇ ਸ਼ਹਿਜ਼ਾਦੇ
ਗਲੀ ਗਲੀ ਫਿਰ ਕਿਸਮਤ ਪੁਛਦੀ ਹੁਣ ਦੱਸੋ ਦੁਖ ਕਾਹਦੇ ?



Namdhari Elibrary NamdhariElibrary@gmail.com

ਫਿਰ ਗੁਰੂ ਜਗਜੀਤ ਸਿੰਘ ਦੇ ਵਾਗਡੋਰ ਹੱਥ ਆਈ
ਧਰਤ ਸੁਹਾਵੀ ਕਰਨ ਦੀ ਖਾਤਰ ਵਾਹ ਉਸ ਪੂਰੀ ਲਾਈ
ਹੱਥੀਂ ਸਭ ਸੜਕਾਂ ਬਣਵਾਈਆਂ ਥਾਂ ਥਾਂ ਬਾਗ਼ ਲੁਆਏ
ਪੀਲਾਂ ਦੀ ਥਾਂ ਖੇਤਾਂ ਦੇ ਵਿਚ ਚਮਨ ਅੰਗੂਰ ਉਗਾਏ
ਵਡ ਪਰਤਾਪੀ ਖ਼ਾਕਾ ਖਿਚਿਆ ਵਿਚ ਰੰਗ ਇਹਨਾਂ ਭਰਿਆ
ਸ਼ਰਨ ਆਇਆਂ ਨੂੰ ਸੇਠ ਬਣਾਇਆ ਲੜ ਲਗਿਆ ਜੋ, ਤਰਿਆ
ਕਿਤੇ ਹਨੇਰਾ ਦਿੱਸਿਆ ਉਸ ਨੂੰ ਬਣ ਸੂਰਜ ਰੁਸ਼ਨਾਇਆ
ਡਿੱਗਿਆ ਢੱਠਾ ਜੋ ਵੀ ਮਿਲਿਆ ਚੁਕਿਆ ਗਲੇ ਲਗਾਇਆ
ਘਰ ਘਰ ਵਿਚ ਜਾ ਕੇ ਉਸ ਨੇ ਪਿਆਰ ਫੁਹਾਰਾਂ ਪਾਈਆਂ
ਅਗਨ ਤਪੰਦੇ ਹਿਰਦੇ ਸਾਰੇ ਹੋਏ ਬਰਫ਼ ਮਲਾਈਆਂ
ਦਿਤਾ ਮਾਣ ਨਿਮਾਣਿਆਂ ਤਾਈਂ ਓਟ ਬੇ-ਓਟਿਆਂ ਦਿੱਤੀ
ਨਜ਼ਰ ਮਿਹਰ ਦੀ ਜਿਸ ਵਲ ਕੀਤੀ ਕਲਪ ਕਾਇਆ ਕਰ ਸਿੱਟੀ
ਰਾਗ ਰੰਗ ਜਾਂ ਖੇਢ ਕੂਦ ਵਲ ਧਿਆਨ ਜਿਧਰ ਵੀ ਕੀਤਾ
ਨੰਗਾ ਭੁੱਖਾ ਰਹੇ ਨਾ ਕੋਈ ਇਹ ਉਸ ਦਾ ਹੈ ਟੀਚਾ
ਸਾਡੇ ਜੀਵਨ ਦੇ ਹਰ ਪੱਖ ਨੂੰ ਫਿਰਦਾ ਹੈ ਰੁਸ਼ਨਾਂਦਾ
ਪਤਾ ਨਹੀਂ ਕਿਸ ਜਹਾਨ ਦੇ ਵਿੱਚ ਉਹ ਹਰਦਮ ਕਾਰ ਭਜਾਂਦਾ
ਵੇਖਣ ਨੂੰ ਹੈ ਪਤਲਾ ਐਪਰ ਹਾਥੀ ਵਰਗਾ ਸੀਨਾ
ਦੌੜ ਭੱਜ ਇਤਨੀ ਹੈ ਪਰ ਨਾ ਆਇਆ ਕਦੇ ਪਸੀਨਾ
ਕੀ ਦੱਸਾਂ ਦਰਿਆ ਦਿਲ ਇਤਨੇ ਇਹ ਬਸ ਮੈਂ ਹੀ ਜਾਣਾਂ
ਅੱਖ ਬਚਾ ਕੇ ਮੇਰੇ ਜਿਹਾਂ ਦਾ ਹਰ ਦੁਖ ਦੂਰ ਭਜਾਣਾਂ
ਕਰਨ ਲਈ ਕਲਿਆਨ ਅਸਾਡੀ ਕਾਹਲ ਹੈ ਉਸ ਨੂੰ ਇਤਨੀ
ਕਿਸੇ ਹਵਾਈ ਜਹਾਜ਼ ਦੀ ਵੀ ਨਾ ਤੇਜ਼ ਗਤੀ ਹੈ ਜਿਤਨੀ
ਇਹ ਜੀਵਨ ਤੇ ਅਗਲਾ ਜੀਵਨ ਸਭ ਦਾ ਜ਼ਾਮਨ ਹੋਇਆ
ਅਗਲਾ ਪਿਛਲਾ ਫ਼ਿਕਰ ਅਸਾਡਾ ਲਾ ਲਾ ਸਾਬਨ ਧੋਇਆ
ਆਓ ਭੁੱਲ ਰਹੇ ਇਨਸਾਨੋ ਇਸ ਦਰ ਸੀਸ ਝੁਕਾਓ
ਰਹਿਮਤ ਦੇ ਸੋਮੇ ਤੋਂ ਆ ਕੇ ਭਰ ਭਾਂਡੇ ਲੈ ਜਾਓ
ਦਾਤ ਵੀ ਕਰੋ ਪਿਆਰੀ ਭਾਵੇਂ ਪਰ ਦਾਤਾਰ ਨਾ ਭੁੱਲੋ
ਲੈ ਕੇ ਓਟ ਹਮੇਸ਼ਾ ਉਸ ਦੀ ਰਾਤ ਵਧੋ ਦਿਨ ਫੁੱਲੋ
ਵਡ ਪਰਤਾਪੀ ਬਹੁਤ ਵੱਡਾ ਸੀ ਪਰ ਇਹ ਵੀ ਨਹੀਂ ਛੋਟਾ
ਧੁਰੋਂ ਲਿਆਇਆ ਵੰਡਣ ਖਾਤਰ ਬਖਸ਼ਿਸ਼ ਦਾ ਵੱਡ ਕੋਟਾ
ਸਭ ਜਗ ਇਸਦੇ ਇਹ ਸਭ ਜਗ ਦੇ, ਪਾਰਾਵਾਰ ਨ ਕੋਈ
ਪੱਥਰ ਦਿਲ 'ਅਮਰੀਕ' ਜਿਹਾਂ ਨੂੰ ਇਹ ਦੇਂਦਾ ਏ ਢੋਈ



Namdhari Elibrary NamdhariElibrary@gmail.com

## ਗੁਰੂ ਪਰਤਾਪ ਸਿੰਘ ਤੈਥੋਂ ਬਲਿਹਾਰੀਆਂ

**ਅਮਰੀਕ ਸਿੰਘ**

ਹੋਈ ਏ ਕਮਾਲ ਵੇਖੋ ਬੀਤ ਗਏ ਕਈ ਸਾਲ,
ਜਾਪੇ ਜਿਵੇਂ ਕਲ ਅਜੇ ਹੋਈਆਂ ਸੀ ਤਿਆਰੀਆਂ ।
ਉਹਦੀ ਤਸਵੀਰ ਤਕ ਹੁੰਦਾ ਏ ਬੇ ਧੀਰ ਮਨ,
ਯਾਦ ਮੈਨੂੰ ਆਈਆਂ ਜਦੋਂ ਪਿਆਰ ਪੁਚਕਾਰੀਆਂ ।
ਕੋਲ ਜਦੋਂ ਬਹਿਣਾ ਝੱਟ ਬਾਹਾਂ ਵਿੱਚ ਘੁੱਟ ਲੈਣਾ,
ਅੰਗ ਅੰਗ ਉੱਤੇ ਚੜ੍ਹ ਜਾਣੀਆਂ ਖੁਮਾਰੀਆਂ ।
ਤੁਸਾਂ ਦੇ ਸਪਰਸ਼ ਫ਼ਰਸ਼ ਅਰਸ਼ ਦੇ ਵੀ ਪਾੜ ਮੇਲੇ
ਗੁਰੂ ਪਰਤਾਪ ਸਿੰਘ ਤੈਥੋਂ ਬਲਿਹਾਰੀਆਂ ।

ਪਿਆਰ ਦੀ ਬਹਾਰ ਦੇ ਖੁਮਾਰ ਦਾ ਨਾ ਪਾਰਾਵਾਰ,
ਯਾਦਾਂ ਦੇ ਝਰੋਖਿਆਂ 'ਚੋਂ ਝਾਤੀਆਂ ਜਾਂ ਮਾਰੀਆਂ ।
ਔਗੁਣਾਂ ਨੂੰ ਰਖ ਪਾਸੇ ਹਾਸੇ ਤੇ ਦਿਲਾਸੇ ਵੰਡੇ,
ਸੁਖਾਂ ਦੇ ਸਮੁੰਦਰੀਂ ਲਵਾਈਆਂ ਉਸ ਤਾਰੀਆਂ ।
ਰੋਗ ਸੋਗ ਮੇਟ ਉਸ ਉੱਕਾ ਹੀ ਅਰੋਗ ਕੀਤਾ,
ਕੋਹਾਂ ਦੂਰ ਨੱਸੀਆਂ ਨੇ ਸਾਰੀਆਂ ਬੀਮਾਰੀਆਂ ।
ਗਈ ਮੰਦ ਹਾਲੀ ਘਰ ਘਰ ਖੁਸ਼ਹਾਲੀ ਆਈ,
ਗੁਰੂ ਪਰਤਾਪ ਸਿੰਘ ਤੈਥੋਂ ਬਲਿਹਾਰੀਆਂ ।

ਜੰਗਲਾਂ 'ਚ ਬਾਗ਼ ਅਤੇ ਬਾਗ਼ਾਂ ਵਿਚ ਰਾਗ ਰੰਗ,
ਮਾਰੀਆਂ ਨੇ ਮੋਰਾਂ ਬੁਲਬੁਲਾਂ ਕਿਲਕਾਰੀਆਂ ।
ਕੱਮੀਆਂ ਤੇ ਜੁੱਮੀਆਂ ਨੂੰ ਕਮੀਆਂ ਨਾ ਰਹੀਆਂ ਕੋਈ,
ਵੰਡੀਆਂ ਨੇ ਲਾਗੀਆਂ ਨੂੰ ਸਭੇ ਸਰਦਾਰੀਆਂ ।



Namdhari Elibrary NamdhariElibrary@gmail.com

ਅੰਨ ਧੰਨ ਦਿਤਾ ਏਨਾ ਧੰਨ ਧੰਨ ਸਾਰੇ ਹੋਈ,
ਚਿਰਾਂ ਦੀਆਂ ਵਿਗੜੀਆਂ ਨੇ ਹਾਲਤਾਂ ਸੁਧਾਰੀਆਂ ।
ਕਿਹੜੀ ਗੱਲ ਕਰਾਂ ਗੱਲਾਂ ਮੇਰੇ ਗਲ ਗਲ ਆਈਆਂ,
ਗੁਰੂ ਪਰਤਾਪ ਸਿੰਘ ਤੈਥੋਂ ਬਲਿਹਾਰੀਆਂ ।

ਆਖਣਾ ਵਿਰੋਧੀਆਂ ਨੂੰ ਅਤਿ ਦੇ ਕਰੋਧੀਆਂ ਨੂੰ,
ਆਓ ਸਾਡੇ ਘਰ ਅਸਾਂ ਬਾਹਾਂ ਨੇ ਖਿਲਾਰੀਆਂ ।
ਛੱਡੋ ਸਾਰੇ ਵੈਰ ਕਹਿਰ ਕੱਢੀਏ ਜਹਾਨ ਵਿੱਚੋਂ,
ਮਨਾਂ ਵਿੱਚ ਆਓ ਸਾਰੇ ਫੇਰੀਏ ਬੁਹਾਰੀਆਂ ।
ਕਿਹੜੀ ਗੱਲ ਪਿੱਛੇ ਛਿੱਥੇ ਪਏ ਓ ਗਵਾਰ ਲੋਕੋ,
ਅਮਨ ਪੰਘੂੜਿਆਂ ਤੇ ਕਰੀਏ ਸਵਾਰੀਆਂ ।
ਜਿਹਨੂੰ ਗਲ ਲਾਇਆ ਸੀਤਲਾਇਆ ਉਹਦਾ ਤਨ ਮਨ,
ਗੁਰੂ ਪਰਤਾਪ ਸਿੰਘ ਤੈਥੋਂ ਬਲਹਾਰੀਆਂ ।

ਗਊਆਂ ਦੇ ਗੋਪਾਲ ਵਾਲ ਵਾਲ ਸਾਡਾ ਰਿਣੀ ਤੇਰਾ,
ਆਖਿਆ ਇਹ ਰਲ ਕੇ ਕਿਸਾਨਾਂ ਬਿਉਪਾਰੀਆਂ ।
ਜੀਵਨ ਦੇ ਚੰਨਾਂ ਮੰਨਾਂ ਤੇਰਾ ਮੈਂ ਹਸਾਨ ਕਿਉਂ ਨਾ,
ਮੇਰੇ ਉੱਤੇ ਤੇਰੀਆਂ ਨੇ ਬਖਸ਼ਿਸ਼ਾਂ ਨਿਆਰੀਆਂ ।
ਅੰਗ ਅੰਗ ਮੇਰੇ ਦਾ ਏ ਰੰਗ ਢੰਗ ਹੋਰ ਹੋਇਆ,
ਖਿੜੀਆਂ ਨੇ ਚਵੀਂ ਪਾਸੀਂ ਚਮਨ ਕਿਆਰੀਆਂ ।
ਯਾਦਾਂ 'ਚ ਬੇਵੱਸ ਰੱਸ ਰੱਸ 'ਅਮਰੀਕ' ਹੋਇਆ,
ਗੁਰੂ ਪਰਤਾਪ ਸਿੰਘ ਤੈਥੋਂ ਬਲਹਾਰੀਆਂ ।



Namdhari Elibrary NamdhariElibrary@gmail.com

## ਅਟੱਲ ਪ੍ਰਤਾਪੀ ਮਿਹਮਾ

**ਜੋਗਾ ਸਿੰਘ ਨਾਮਧਾਰੀ**

ਸਤਿਜੁਗ ਵਿਚ ਹਰੀ ਬਾਵਨ ਦਾ ਰੂਪ ਧਾਰ,
ਬਾਲੀ ਜੈਸੇ ਰਾਜੇ ਨੂੰ ਸੀ ਮਾਇਆ ਨਾਲ ਛਲਿਆ ।
ਤ੍ਰੇਤੇ ਵਿਚ ਹਰੀ ਜੀਓ ਰਾਮ ਚੰਦਰ ਬਣ,
ਰਾਵਨ ਜੈਸੇ ਮੂਰਖ ਨੂੰ ਦੋਜ਼ਖਾਂ 'ਚ ਘਲਿਆ ।
ਦੁਆਪਰ 'ਚ ਪ੍ਰਭੂ ਜੀ ਮੁਰਲੀ ਮਨੋਹਰ ਬਣ,
ਕੰਸ ਜੈਸਾ ਰਾਜਾ ਫੜ ਕੇਸਾਂ ਤੋਂ ਉਥੱਲਿਆ ।
ਕਲਿਜੁਗ ਵਿਚ ਗੁਰੂ ਨਾਨਕ ਦਾ ਰੂਪ ਧਾਰ,
ਪਾਪਾਂ ਦੀ ਹਨ੍ਹੇਰੀ ਨੂੰ ਸੀ ਨਾਮ ਨਾਲ ਠੱਲਿਆ ।

ਏਸੇ ਤਰ੍ਹਾਂ ਅੱਜ ਤੋਂ ਪੂਰੇ ਸੌ ਸਾਲ ਪਹਿਲਾਂ,
ਭੈਣੀ ਸਾਹਿਬ ਵਿਖੇ ਅਵਤਾਰ ਇਕ ਆਇਆ ਸੀ ।
ਵੱਡ ਪਰਤਾਪੀ ਪ੍ਰਤਾਪ ਸਿੰਘ ਗੁਰੂ ਸੀ ਉਹ,
ਗੁਰੂ ਹਰੀ ਸਿੰਘ, ਮਾਤਾ ਜੀਵਨ ਜੀ ਦਾ ਜਾਇਆ ਸੀ ।
ਹੁੰਦੇ ਹੀ ਪ੍ਰਕਾਸ਼ ਜੀਹਦੇ, ਦੂਰ ਸੀ ਹਨ੍ਹੇਰ ਹੋਇਆ,
ਚਾਰੇ ਪਾਸੇ ਰੌਣਕਾਂ, ਤੇ ਜਗ ਰੁਸ਼ਨਾਇਆ ਸੀ ।
ਦਸਵੇਂ ਗੁਰਾਂ ਦੇ ਸਰੂਪ ਵਿਚ ਦਰਸ ਦੇ ਕੇ,
ਦੋ ਨਿਹੰਗ ਸਿੰਘਾਂ ਦੇ ਭਰਮ ਨੂੰ ਮਿਟਾਇਆ ਸੀ ।

ਗੋਰਿਆਂ ਦੇ ਉਤੇ ਸੀ ਕਿਰਨ ਜਦੋਂ ਉਹਦੀ ਪਈ,
ਪੁਲਿਸ ਚੌਕੀ ਚੁਕਣੇ ਦਾ ਫੈਸਲਾ ਸੁਣਾਇਆ ਸੀ ।
ਸੜ ਰਹੇ ਜਗ ਵਿਚ ਪਾਪੀਆਂ ਦੇ ਤਾਰਨੇ ਨੂੰ,
ਨਾਮ ਤੇ ਬਾਣੀ ਦਾ ਪ੍ਰਵਾਹ ਚਲਾਇਆ ਸੀ ।



Namdhari Elibrary NamdhariElibrary@gmail.com

ਘਰ ਘਰ ਵਰਨੀਆਂ ਤੇ ਹੋਮ ਜਗ ਹੋਣ ਲਗੇ,
ਪ੍ਰਾਣ ਮਨਹਰ ਦਾ ਮੰਦਰ ਬਣਾਇਆ ਸੀ ।
ਹਿੰਦੂ-ਸਿੱਖ ਮੇਲ, ਨਾਨਕ ਨਾਮ ਲੇਵਾ ਕਾਨਫਰੰਸਾਂ,
ਰਲ ਮਿਲ ਬੈਠਣੇ ਦਾ ਸਬਕ ਸਿਖਾਇਆ ਸੀ ।

ਖਤਮ ਹੁੰਦੀ ਦੇਖ ਸੰਗੀਤ ਕਲਾ ਸਿੱਖਾਂ ਵਿਚੋਂ,
ਭੈਣੀ ਸਾਹਿਬ ਵਿਖੇ ਕਲਾਕਾਰਾਂ ਨੂੰ ਬੁਲਾਇਆ ਸੀ ।
ਸ਼ੁਧ ਪਾਠ, ਸ਼ੁਧ ਸੰਗੀਤ, ਸੁਣ ਰਾਗਾਂ ਵਿਚ,
ਪੁਰਾਤਨ ਸੰਗੀਤ ਦੀ ਕਲਾ ਨੂੰ ਜਗਾਇਆ ਸੀ ।
ਭੈਣੀ ਤੇ ਜੀਵਨ ਨਗਰ ਗਊਆਂ ਦੇ ਬਣਾ ਫਾਰਮ,
ਗਊ ਪਾਲਕ ਹੋਣ ਦੇ ਫਰਜ਼ ਨੂੰ ਨਿਭਾਇਆ ਸੀ ।
ਘੁੜ ਦੌੜ, ਨੇਜਾ ਬਾਜੀ, ਕੁਸ਼ਤੀ ਦਾ ਬਣ ਧਨੀ,
ਢੱਟੀਆਂ ਦੇ ਸਿੰਘਾਂ ਕੋਲੋਂ ਰੱਸਾ ਵੀ ਖਿਚਾਇਆ ਸੀ ।

ਚੀਨੀ ਵਾਲੇ ਗੁਰੂ ਦੀ ਚਲਾਈ ਲਹਿਰ ਕਾਇਮ ਰਖ,
ਅਧੀਨ ਹੋਈ ਹਿੰਦ ਨੂੰ ਅੰਗ੍ਰੇਜ਼ਾਂ ਤੋਂ ਛੁੜਾਇਆ ਸੀ ।
ਆਣ ਵਾਲੇ ਸਮੇਂ ਦਾ ਪਹਿਲਾਂ ਹੀ ਅੰਦਾਜ਼ ਲਾ ਕੇ,
ਰਾਵੀ ਪਾਰ ਜਾਣ ਦਾ ਹੁਕਮ ਸੁਣਾਇਆ ਸੀ ।
ਬੰਜਰ ਆਬਾਦ ਕੀਤੇ, ਦੌਲਤਾਂ ਦੇ ਢੇਰ ਵੰਡੇ,
ਉੱਜੜ ਆਏ ਸਿੱਖਾਂ ਨੂੰ ਮੁੜ ਕੇ ਵਸਾਇਆ ਸੀ ।
ਦੇਸ਼ ਤੇ ਵਿਦੇਸ਼ਾਂ ਵਿਚ ਕਰਕੇ ਬੇਅੰਤ ਦੌਰੇ,
ਭੁਲੇ ਹੋਏ ਸਿੱਖਾਂ ਨੂੰ ਸਿੱਧੇ ਰਾਹੇ ਪਾਇਆ ਸੀ ।

ਗੁਰੂ ਪਰਤਾਪ ਜੀਓ ਚੋਜ ਨੇ ਅਨੇਕ ਕੀਤੇ,
ਲੇਖਣੀ ਮੇਰੀ ਤੋਂ ਸਾਰੇ ਲਿਖੇ ਨਹੀਂ ਜਾਂਵਦੇ ।
ਬੇਦ ਤੇ ਗ੍ਰੰਥ ਤੇਰੀ ਮਹਿਮਾ ਨਾ ਜਾਣ ਸਕਣ,
ਜਾਣ ਸਕਣ ਸੋਈ ਜਿਹੜੇ ਤੇਰੇ ਮਨ ਭਾਂਵਦੇ ।
ਰਲ ਮਿਲ ਸ਼ਤਾਬਦੀ ਮਨਾਣ ਤੇਰੀ ਨਾਮਧਾਰੀ,
ਯਾਦ ਕਰ ਤੈਨੂੰ ਉਪਕਾਰ ਤੇਰੇ ਗਾਂਵਦੇ ।
ਚਰਨੀਂ ਲਾ ਰਖੋਂ ਸਾਡੇ ਔਗਣ ਚਿਤਾਰੋ ਨਾਹੀਂ,
ਹਰ ਪਲ ਛਿਣ ਰਹੀਏ ਤੈਨੂੰ ਹੀ ਧਿਆਂਵਦੇ ।



Namdhari Elibrary NamdhariElibrary@gmail.com

## ਯਾਦ ਰਹੇਗਾ ਸਦਾ ਪਿਆਰ ਤੇਰਾ

**ਬਲਬੀਰ ਸਿੰਘ ਢਿਲੋਂ**

ਤੇਰੀ ਯਾਦ ਅੰਦਰ ਦਿਲ ਦੇ ਸਾਗਰਾਂ 'ਚੋਂ,
ਪਿਆਰ ਨੀਰ ਧਾਰਾ ਬਣ ਕੇ ਵਹਿਣ ਲੱਗਾ ।
ਸੀਨਾ ਪਛਿੱਆ ਗਿਆ ਏ ਸਧਰਾਂ ਦਾ,
ਬ੍ਰਿਹੋਂ ਕਰਕ ਕਲੇਜੜੇ ਪੈਣ ਲੱਗਾ ।
ਹਾਓਕੇ ਬਣ ਗਿਆ ਦਰਦੀਆ ਦਰਦ ਤੇਰਾ,
ਅਮਨ ਚਮਨ ਵਰਾਨੀਆਂ ਸਹਿਣ ਲੱਗਾ ।
ਆਖਰ ਦੱਸ ਤਾਂ ਸਹੀ ਕਸੂਰ ਮੇਰਾ,
ਰੋ ਰੋ ਹੰਝੂ ਜੁਦਾਈ ਨੂੰ ਕਹਿਣ ਲੱਗਾ ।
ਮੇਰੇ ਨੈਣ ਪਿਆਸੜੇ ਡੁੱਲ੍ਹ ਜਾਂਦੇ,
ਆਵੇ ਨਜਰ ਨਾ ਜਦੋਂ ਗਮਖਾਰ ਚਿਹਰਾ ।
ਰੋਮ ਰੋਮ 'ਚੋਂ ਇਹੋ ਆਵਾਜ਼ ਆਵੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਤੇਰੀ ਰੀਝ ਦੇ ਲਾਏ ਹੋਇ ਬੂਟਿਆਂ ਤੇ,
ਕਲੀ ਅੱਜ ਪਈ ਹੁਸਨ ਦੀ ਟਹਿਕਦੀ ਏ ।
ਜਿਹਨਾਂ ਹਥਾਂ ਨਾਲ ਇਹਨੂੰ ਸ਼ੰਗਾਰਿਆ ਈ,
ਉਹਨਾਂ ਹਥਾਂ ਨੂੰ ਜਿੰਦ ਪਈ ਸਹਿਕਦੀ ਏ ।
ਨਵੇਂ ਮਾਲੀ ਦੀ ਭਾਵੇਂ ਨਿਗਰਾਨ ਹੇਠਾਂ,
ਅਗੇ ਨਾਲੋਂ ਵੀ ਚੌਗਣੀ ਮਹਿਕਦੀ ਏ ।
ਐਪਰ ਤੇਰੀ ਇਕ ਮਿਠੀ ਜਹੀ ਮੁਸਕਣੀ ਨੂੰ,
ਰਹਿੰਦੀ ਸਦਾ ਪਿਆਰਿਆ ਸਹਿਕਦੀ ਏ ।
ਮੇਰੀ ਸਧਰ ਨਾ ਪ੍ਰੀਤਮਾ ਹੋਈ ਪੂਰੀ,



Namdhari Elibrary NamdhariElibrary@gmail.com

ਸੁਪਨਾ ਹੋ ਗਿਆ ਪੀਆ ਇਕਰਾਰ ਤੇਰਾ ।
ਦੁੱਖ ਭੁਲ ਜਾਸਨ ਲੱਖਾਂ ਜ਼ਿੰਦਗੀ ਦੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਉਧਰ ਗਊਆਂ ਲਟ ਬੌਰੀਆਂ ਹੋ ਪੁਛਣ,
ਸਾਨੂੰ ਦਸੋ ਕੋਈ ਕਿਥੇ ਦਿਲਦਾਰ ਸਾਡਾ ।
ਨਹੀਂ ਚਿਰਾਂ ਤੋਂ ਪਿਆਰ ਨਸੀਬ ਹੋਇਆ,
ਕਿਧਰ ਗਿਆ ਏ ਪਿਆਰਾ ਗ਼ਮਖਾਰ ਸਾਡਾ ।
ਉਸ ਨੂਰੀ ਨੁਹਾਰ ਦੀ ਰਿਸ਼ਮ ਬਾਝੋਂ,
ਦਿਲ ਹੋ ਗਿਆ ਏ ਅਵਾਜ਼ਾਰ ਸਾਡਾ ।
ਦੁੱਖ ਮੂਕ ਗ਼ਰੀਬਾਂ ਦਾ ਹਰਨ ਖਾਤਰ,
ਬਣ ਆਇਆ ਜੋ ਕ੍ਰਿਸ਼ਨ ਮੁਰਾਰ ਸਾਡਾ ।
ਦਿੱਤਾ ਮਾਣ ਨਿਮਾਣਿਆਂ ਤਾਈਂ ਪ੍ਰੀਤਮ,
ਕਰਦੀ ਰਹੇਗੀ ਦੁਨੀਆ ਸਤਿਕਾਰ ਤੇਰਾ ।
ਏਸ ਜ਼ਿਮੀਂ ਆਸਮਾਨ ਦੇ ਗੇੜ ਅੰਦਰ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਮੇਰੇ ਗੁਰੂ ਪਰਤਾਪ ਜੀ ਪਿਆਰ ਤੇਰੇ,
ਜੰਗਲ ਮੰਗਲ ਕਰ ਚਮਨ ਸਜਾ ਦਿੱਤਾ ।
ਤੇਰੀ ਪਾਰਖੂ ਨਜ਼ਰ ਨੇ ਪਰਖ ਕੇ ਤੇ,
ਪੱਥਰ ਹੀਰਿਆਂ ਵਾਂਗ ਚਮਕਾ ਦਿੱਤਾ ।
ਤੇਰੀ ਬਾਣੀ ਦੇ ਬਾਣਾਂ ਨੇ ਡੰਗ ਕੇ ਤੇ,
ਬੰਦਾ ਦੇਵਤਾ ਰੂਪ ਬਣਾ ਦਿੱਤਾ ।
ਤੇਰੇ ਨੂਰ ਨੇ ਘੋਰ ਹਨੇਰਿਆਂ ਨੂੰ,
ਦਿਵ ਜੋਤਿ ਦੇ ਰੂਪ ਬਦਲਾ ਦਿੱਤਾ ।
ਨਾਨਕ ਵਾਂਗਰਾਂ ਦੇਸ ਪ੍ਰਦੇਸ ਤਾਰੇ,
ਕਿਹੜਾ ਕਿਹੜਾ ਮੈਂ ਲਿਖਾਂ ਉਪਕਾਰ ਤੇਰਾ ।
ਲੇਖਾ ਕੂੜੇ ਸੰਸਾਰ ਦਾ ਝੂਠਾ ਹੋਸੀ,
ਸੱਚਾ ਰਹੇਗਾ ਯਾਦ ਪਿਆਰ ਤੇਰਾ ।

ਤੇਰੇ ਦਰਸ ਦੀ ਦਾਤਿਆ ਕਣੀ ਇਕੋ,
ਲੱਖਾਂ ਤਪਦਿਆਂ ਦਿਲਾਂ ਨੂੰ ਠਾਰਦੀ ਸੀ ।
ਬੰਧਨ ਕੱਟ ਦਿੰਦੀ ਜਨਮਾਂ ਸਾਰਿਆਂ ਦੇ,
ਭਵ ਸਾਗਰੋਂ ਪਾਰ ਉਤਰਦੀ ਸੀ ।



Namdhari Elibrary NamdhariElibrary@gmail.com

ਤੇਜਵਾਨਾਂ ਦੇ ਤੇਜ ਸਭ ਝੁੱਕ ਜਾਂਦੇ,
ਝੱਲੀ ਜਾਂਦੀ ਨਾ ਝਲਕ ਨੁਹਾਰਦੀ ਸੀ ।
ਅੰਮ੍ਰਿਤ ਬੂੰਦ ਜਿਉਂ ਸਿੱਪੀਓਂ ਕਰੇ ਮੋਤੀ,
ਪਸ਼ੂ ਦੇਵ ਕੀਤੇ ਨਿਗਾਹ ਪਿਆਰ ਦੀ ਸੀ ।
ਪ੍ਰਬਤ ਕਿਣਕਿਉਂ, ਪ੍ਰਬਤੋਂ ਕਰੇ ਕਿਣਕਾ,
ਸਕੇ ਪਾ ਨਾ ਵੇਦ ਸ਼ੁਮਾਰ ਤੇਰਾ ।
ਪਸ਼ੂ ਪੰਛੀ ਅਤੇ ਜੜ੍ਹ ਚੇਤਨ ਆਖੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਜੀਵਨ ਨਗਰ ਹੈ ਯਾਦ ਮਹਾਨ ਤੇਰੀ,
ਹੱਥੀਂ ਆਪਣੀ ਜਿਨ੍ਹੂੰ ਉਸਾਰਿਆ ਈ ।
ਮੱਝਾਂ ਘੋੜੀਆਂ ਗਊਆਂ ਤੇ ਬਾਗ਼ ਦੇ ਕੇ,
ਨਾਲ ਸ਼ੌਕ ਦੇ ਇਹਨੂੰ ਸ਼ਿੰਗਾਰਿਆ ਈ ।
ਚਿੱਤਰਕਾਰ ਕਮਾਲ ਦਾ ਬੁਰਸ਼ ਲਾਕੇ,
ਵਾਂਗ ਚੌਦਵੀਂ ਚੰਨ ਪ੍ਰਵਾਰਿਆ ਈ ।
ਛਬਿੱ ਏਸ ਦੀ ਤੱਕ ਅਸਚਰਜ ਹੁੰਦੇ,
ਡਾਢਾ ਏਸ ਤੇ ਹੁਸਨ ਖਿਲਾਰਿਆ ਈ ।
ਪੱਥਰ ਕੀੜਿਆਂ ਦਾ ਪਾਲਣ ਕਰਨ ਵਾਲਾ,
ਕਿਤੇ ਦਿਸਦਾ ਨਹੀਂ ਪ੍ਰਵਦਗਾਰ ਮੇਰਾ ।
ਤੇਰੀ ਜੋਤਿ ਹੁਣ ਤੱਕ ਜਗਜੀਤ ਜੀ ਵਿਚ,
ਯਾਦ ਆਉਂਦਾ ਏ ਸਦਾ ਪਿਆਰ ਤੇਰਾ ।

ਅੰਦਰੋਂ ਪਿਆਰ ਦਿੰਦੀ ਇਕੋ ਤਕਣੀ ਨੇ,
ਪੱਥਰ ਦਿਲਾਂ ਨੂੰ ਮੋਮ ਬਣਾ ਦਿੱਤਾ ।
ਮਾਲਾ ਮਾਲ ਕੀਤਾ ਲੱਖਾਂ ਕੰਗਲਿਆਂ ਨੂੰ,
ਖੰਭੋਂ ਖੁੱਥੇ ਨੂੰ ਅਰਸ਼ੀਂ ਉਡਾ ਦਿੱਤਾ ।
ਕਾਲ ਮਾਣ ਨਿਰਮਾਣਤਾ ਬਖਸ਼ ਦਿੱਤੀ,
ਦੇ ਕੇ ਗਿਆਨ ਅਗਿਆਨ ਗੁਆ ਦਿੱਤਾ ।
ਤੇਰੇ ਪਿਆਰ ਦੇ ਗੂਹੜੇ ਸਰੂਰ ਅੰਦਰ,
ਜਿਹਨੇ ਆਪਣਾ ਆਪ ਭੁਲਾ ਦਿੱਤਾ ।
ਸਾਂਤ ਰੂਪ ਐ ਮੇਰੇ ਪਰਤਾਪ ਸਤਿਗੁਰ,
ਜਿਸ ਧਰਤੀ ਤੇ ਹੋਇਆ ਅਵਤਾਰ ਤੇਰਾ ।
ਉਸ ਦੇ ਕਿਣਕੇ ਪੁਕਾਰਦੇ ਪਏ ਅੱਜ ਤੱਕ,
ਯਾਦ ਰਹੇਗਾ ਸਦਾ ਪਿਆਰ ਤੇਰਾ ।



Namdhari Elibrary NamdhariElibrary@gmail.com

ਦੀਨ ਦੁਨੀ ਦੇ ਮਾਲਕ ਐ ਸਤਿਗੁਰੂ ਜੀ,
ਤੈਨੂੰ ਰੱਬ ਦੀ ਨਿਰੀ ਤਸਵੀਰ ਆਖਾਂ ।
ਜਨਕ, ਰਾਮ ਅਵਤਾਰ ਕਿ ਕ੍ਰਿਸ਼ਨ ਆਖਾਂ,
ਨਾਨਕ ਆਖਾਂ ਕਿ ਉੱਚ ਦਾ ਪੀਰ ਆਖਾਂ ।
ਪਾਲਨਹਾਰ ਆਖਾਂ ਸਾਰੀ ਪ੍ਰਿਥਵੀ ਦਾ,
ਜਾਂ ਫਿਰ ਉਤਰਿਆ ਅਰਸ਼ੀ ਫ਼ਕੀਰ ਆਖਾਂ ।
ਤੇਰੇ ਰੰਗਾਂ ਦਾ ਅੰਤ ਨਾ ਕੋਈ ਆਇਆ,
ਜੋ ਕੁਝ ਆਖਾਂ ਮੈਂ ਨਿਰੀ ਤਕਸੀਰ ਆਖਾਂ ।
ਬਸ ਇਕੋ ਹੀ ਤੈਨੂੰ 'ਬੇਅੰਤ' ਕਹਿ ਕੇ,
ਖਿਮਾਂ ਮੰਗਦਾ ਹੈ ਅਗਿਆਕਾਰ ਤੇਰਾ ।
ਸਾਡੇ ਦਿਲਾਂ ਨੂੰ ਇਉਂ ਬਣਾਈ ਰੱਖੀਂ,
ਯਾਦ ਰਹੇ ਜਿਉਂ ਸਦਾ ਪਿਆਰ ਤੇਰਾ ।

ਤੂੰ ਅਸਚਰਜ ਸੈਂ ਲਖਿਆ ਨਾ ਅਸਾਂ ਤੈਨੂੰ,
ਤੇਰੀ ਗੋਦ ਵਿਚ ਗੰਦ ਖਿਲਾਰਦੇ ਰਹੇ ।
ਤੈਨੂੰ ਆਪਣੇ ਜਿਹਾ ਹੀ ਸਮਝ ਸਤਿਗੁਰ,
ਨਿੰਦਾ ਕਰਦਿਆਂ ਕੋਟ ਉਸਾਰਦੇ ਰਹੇ ।
ਤੂੰ ਸੈਂ ਭਲਾ ਕਰਦਾ ਬਖ਼ਸ਼ਿਸ਼ ਅਰਜ਼ ਦੀ ਏ,
ਅਸੀਂ ਵੇਖ ਕੇ ਤੈਨੂੰ ਹੰਕਾਰਦੇ ਰਹੇ ।
ਅੱਜ ਟੁਟਿਆ ਮਾਣ ਅਭਿਮਾਨੀਆਂ ਦਾ,
ਜਿਹੜੇ ਤੈਨੂੰ ਖਾ ਤੈਨੂੰ ਤ੍ਰਿਸਕਾਰਦੇ ਰਹੇ ।
ਪਰ ਤੂੰ ਬਾਪ ਬਣ ਕੇ ਸਦਾ ਮਿਹਰ ਰੱਖੀ,
ਨੀਚ ਦੁਖੀ ਗੱਲ ਲਾਣਾ ਕਿਰਦਾਰ ਤੇਰਾ ।
ਸਾਰੀ ਸੰਗਤ 'ਚੋਂ ਤਾਹੀਉਂ ਅਵਾਜ਼ ਆਵੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।



Namdhari Elibrary NamdhariElibrary@gmail.com

## ਯਾਦ

**ਰਣਧੀਰ ਸਿੰਘ ਧੀਰਾ**

ਮੋਹਣੀ ਮੂਰਤ ਉਹ ਜਦ ਅੱਗੇ ਆ ਜਾਵੇ
ਨੀਂਦਰ ਨੇ ਕੀ ਆਉਣਾ ਸਨੱਾਟਾ ਛਾ ਜਾਵੇ
ਯਾਦਾਂ ਵਿਚ ਹੱਸੇ ਉਹ ਮੈਂ ਬਾਹਾਂ ਖਿਲਾਰਾਂ ਨੀ
ਹੱਥ ਖਾਲੀ ਰਹਿ ਜਾਂਦੇ ਰੁਕ ਜਾਣ ਬਹਾਰਾਂ ਨੀ
ਸੰਗਤ ਨਾਲ ਹੱਸਦੇ ਨੂੰ
ਪੁੱਤ੍ਰਾਂ ਵਿਚ ਵੱਸਦੇ ਨੂੰ
ਗਊਆਂ ਦੇ ਪਾਲਕ ਨੂੰ
ਦੁਨੀਆ ਦੇ ਮਾਲਕ ਨੂੰ
ਦਸੋ ਕੀ ਹੋਇਆ ਨੀ
ਜੱਗ ਛੱਮ ਛੱਮ ਰੋਇਆ ਨੀ ।

ਪੁਰੇ ਦੀਏ ਵਾਏ ਨੀ
ਕਿਉਂ ਹੱਡ ਧੁੱਖਾਏ ਨੀ
ਰੁੱਤੇ ਬ੍ਰਸਾਤੇ ਨੀ
ਚਾਨਣੀਏਂ ਰਾਤੇ ਨੀ
ਤੂੰ ਦਰੀ ਵਿਛਾਈ ਨੀ
ਮੈਨੂੰ ਦਿੱਸੇ ਨਾ ਮਾਹੀ ਨੀ ।
ਇਕ ਤਾਰਾ ਦਗਦਾ ਸੀ
ਚੰਨ ਪਿਛੇ ਭੱਜਦਾ ਸੀ
ਉਹ ਕਿਹੜਾ ਮੁੱਖੜਾ ਨੀ
ਠਾਕਰ ਦਾ ਦੁੱਖੜਾ ਨੀ
ਧਰਤੀ ਕੀ ਧੀਰ ਕਰੇ



Namdhari Elibrary NamdhariElibrary@gmail.com

ਨਾ ਰਤਨ ਵਜ਼ੀਰ ਖਿੜੇ
ਕਈ ਆਸ਼ਕ ਮੁੱਖੜੇ ਦੇ
ਅੱਕ ਰੋਂਦੇ ਨੈਣਾਂ ਤੇ
ਕਿਤੇ ਮਿਲੇ ਕਿਨਾਰੇ ਨਾ
ਤੇਰੇ ਪਿਆਰ ਦੇ ਵਹਿਣਾਂ ਦੇ ।

ਸੰਗਤ ਸੱਸੀਏ ਨੀ
ਹੁਣ ਕਿਥੇ ਦੱਸੀਏ ਨੀ
ਪਿੱਛਲੇ ਪਹਿਰ ਦੀਆਂ
ਉਹ ਰਾਤਾਂ ਕਹਿਰ ਦੀਆਂ
ਸੁੱਤੀ ਨੂੰ ਛੱਡ ਗਿਆ
ਨਾ ਪੈੜਾਂ ਨਿਕਲੀਆਂ
ਪੁੰਨੂੰ ਦੇ ਸ਼ਹਿਰ ਦੀਆਂ ।

ਰਹਿਬਰ ਤੇਰੇ ਬੋਲ ਸੁਣਾਂ
ਰਸਨਾਂ ਤੋਂ ਭਾਸ਼ਣ ਦੇ
ਕਿਰਨਾਂ ਜਗਜੀਤ ਦੀਆਂ
ਖੂੰਡਾ ਨਾ ਆਸਣ ਤੇ
ਦੀਪਕ ਜਿਹਾ ਰਾਗ ਤੇਰਾ
ਪੱਥਰ ਪਿਘਲਾ ਜਾਵੇ
ਕੋਈ ਵਾਜ ਮਲਾਰਾਂ ਦੀ
ਨੈਣਾਂ ਵਿਚ ਆ ਜਾਵੇ
ਖੇਤਾਂ ਦੀਆਂ ਗੂੰਜਾਂ 'ਚੋਂ
ਪ੍ਰਦੇਸੀ ਕੂੰਜਾਂ ਤੋਂ
ਤੇਰਾ ਹੀ ਰਾਗ ਸੁਣੇ
ਡੇਰਾ ਵੈਰਾਗ ਸੁਣੇ ।
ਵਗਦੀਆਂ ਹਵਾਵਾਂ ਤੋਂ
ਚੱਲਦੇ ਦਰਿਆਵਾਂ ਤੋਂ
ਚੰਦ ਢੱਕਦੇ ਬੱਦਲਾਂ ਤੋਂ
ਤੇ ਲੰਮੀਆਂ ਰਾਹਵਾਂ ਤੋਂ
ਪੁੱਛਾਂ ਜੇ ਮਿਲ ਜਾਵੇ
ਕੋਈ ਦਿਲ ਦੀ ਕਹਿ ਆਵਾਂ
ਤੇ ਗੜੂ ਮਸਤਾਨ ਤੇਰੇ
ਬਾਂਹ ਫੜ ਕੇ ਲੈ ਜਾਵਾਂ ।



Namdhari Elibrary NamdhariElibrary@gmail.com

ਲਾਹੌਰ ਦੀਆਂ ਰੇਸਾਂ ਵਿਚ
ਉਹ ਸ਼ਾਹੀ ਵੇਸ਼ਾਂ ਵਿਚ
ਸੰਗਤ ਦੀਆਂ ਆਹਾਂ ਤੇ
ਕੱਚੇ ਜਿਹੇ ਰਾਹਾਂ ਤੇ
ਘੱਗਰ ਦੇ ਕੰਢਿਆਂ ਤੇ
ਅੱਸੂ ਦੇ ਮੇਲਿਆਂ ਤੇ
ਜੀਵਨ ਦੀ ਧਰਤੀ ਤੇ
ਉੱਚੇ ਤਬੇਲਿਆਂ ਤੇ
ਕਦੇ ਫੇਰ ਵੀ ਆਵੇਂਗਾਂ ?
ਕਦੇ ਫੇਰ ਵੀ ਮੁੜ ਆਵੀਂ
ਬਿਨ ਮਿਲਿਆਂ "ਧੀਰੇ" ਨੂੰ
ਭੈਣੀ ਨਾ ਤੁਰ ਜਾਵੀਂ ।



Namdhari Elibrary NamdhariElibrary@gmail.com

## ਗੀ ਤ

**ਭਗਵਾਨ ਸਿੰਘ ਦੀਪਕ**

ਸਤਿਗੁਰ ਪਰਤਾਪ ਸਿੰਘ ਦੀ ਕਹੀ ਜਾਂਵਦੀ ਨਾ ਸਾਥੋਂ ਵਡਿਆਈ
ਗੁਣ ਨਾ ਬਖਾਣ ਹੋਵੰਦੇ, ਲੱਖਾਂ ਸ਼ਾਇਰਾਂ ਨੇ ਕਲਮ ਘਸਾਈ

ਪੈਦਾ ਕੀਤੇ ਨਾਮਧਾਰੀਏ ਵਿਚ ਦੇਸ਼ ਦੇ ਐਸੇ ਅਲਬੇਲੇ
ਝੋਲੀ ਵਿਚ ਪਾ ਕੇ ਮੌਤ ਨੂੰ ਜਿਹੜੇ ਖੇਲ ਆਜ਼ਾਦੀ ਲਈ ਖੇਲੇ
ਲਹੂ ਪਾ ਕੇ ਤੇਲ ਦੀ ਜਗ੍ਹਾ ਜਿਨ੍ਹਾਂ ਧਰਮ ਦੀ ਜੋਤ ਜਗਾਈ
ਸਤਿਗੁਰ ਪਰਤਾਪ ਸਿੰਘ ਦੀ... ... ।

ਮੁੱਖੜੇ ਤੋਂ ਨੂਰ ਵਸਦਾ, ਤੇ ਝਲਕ ਅੱਖੀਆਂ 'ਚੋਂ ਬੀਰ ਰਸ ਮਾਰੇ
ਕਰਿਸ਼ਨ ਵਾਂਗੂੰ ਰਾਖਾ ਗਊਆਂ ਦਾ ਕੀਤੇ ਸਤਿਗੁਰ ਨੇ ਵੱਡੇ ਕਾਰੇ
ਅਮਰ ਇਹਦਾ ਨਾਮ ਹੋ ਗਿਆ ਇਹਦੀ ਜੁਗ ਜੁਗ ਜੋਤ ਸਵਾਈ
ਸਤਿਗੁਰ ਪਰਤਾਪ ਸਿੰਘ ਦੀ... ... ।

ਬਖਸ਼ੀ ਸਾਨੂੰ ਨਵੀਂ ਜ਼ਿੰਦਗੀ ਸੁੱਤੀ ਕੌਮ ਨੂੰ ਝੂਣ ਜਗਾਇਆ
ਮੇਟਣੇ ਲਈ ਜ਼ੁਲਮ ਰਾਜ ਨੂੰ ਮੱਥਾ ਨਾਲ ਅੰਗਰੇਜ਼ ਦੇ ਲਾਇਆ
ਤੋਪਾਂ ਅੱਗੇ ਤਾਣ ਛਾਤੀਆਂ, ਜਿੰਦ ਕੂਕਿਆਂ ਨੇ ਘੋਲ ਘੁਮਾਈ
ਸਤਿਗੁਰ ਪਰਤਾਪ ਸਿੰਘ ਦੀ... ... ।

ਚੰਨ ਤੋਂ ਸੋਹਣਾ ਸੋਭਦਾ, ਚਿੱਟਾ ਚੋਲਾ ਤੇ ਚਿੱਟਾ ਦਸਤਾਰਾ
ਸਤਿਗੁਰੂ ਕੀਤੀ ਰੱਖਿਆ, ਦੀਨ ਦੁਖੀਆਂ ਦਾ ਬਣ ਕੇ ਸਹਾਰਾ
ਖਿੜੇ ਮੱਥੇ ਸਹਿ ਕੇ ਦੁੱਖਾਂ ਨੂੰ, ਜੜ੍ਹ ਜ਼ੁਲਮਾਂ ਦੀ 'ਦੀਪਕ' ਹਿਲਾਈ
ਸਤਿਗੁਰ ਪਰਤਾਪ ਸਿੰਘ ਦੀ... ... ।



Namdhari Elibrary NamdhariElibrary@gmail.com

## ਗੀਤ

**ਭਗਵਾਨ ਸਿੰਘ ਦੀਪਕ**

ਮਹਾਰਾਜ ਪਰਤਾਪ ਸਿੰਘ ਜੀ ਤੇਰੀ ਅਮਰ ਕਹਾਣੀ
ਸਾਰੇ ਜਗ ਦੇ ਅੰਦਰ ਦਾਤਾ ਨਹੀਂ ਕੋਈ ਤੇਰਾ ਸਾਨੀ

ਜਦੋਂ ਤੀਕ ਚੰਨ ਸੂਰਜ ਚਮਕਣ, ਅਰਸ਼ੀਂ ਚਮਕਣ ਤਾਰੇ
ਜਦੋਂ ਤੀਕ ਇਸ ਧਰਤੀ ਉਤੇ ਵਗਦੇ ਸਾਗਰ ਖਾਰੇ
ਤਦੋਂ ਤੀਕ ਦੁਨੀਆ ਵਿਚ, ਤੇਰੀ ਕਾਇਮ ਰਹੂ ਨਿਸ਼ਾਨੀ
ਮਹਾਰਾਜ ਪਰਤਾਪ ਸਿੰਘ ਜੀ... ... ।

ਭਾਰਤ ਦੇਸ਼ ਦੀ ਆਜ਼ਾਦੀ ਦਾ ਨਾਅਰਾ ਤੂੰ ਸੀ ਲਾਇਆ
ਅਮਨ ਚੈਨ ਤੇ ਅਹਿੰਸਾ ਦਾ ਸਭ ਨੂੰ ਪਾਠ ਪੜ੍ਹਾਇਆ
ਲੇਖੇ ਲਾਈ ਦੇਸ਼ ਧਰਮ ਲਈ ਸਾਰੀ ਹੀ ਜ਼ਿੰਦਗਾਨੀ
ਮਹਾਰਾਜ ਪਰਤਾਪ ਸਿੰਘ ਜੀ... ... ।

ਕਿਹਾ ਸੀ ਤੂੰ ਸਰਕਾਰ ਗੋਰੀ ਨੂੰ ਰਾਜ ਕਰਨ ਨਹੀਂ ਦੇਣਾ
ਮਜ਼ਲੂਮਾਂ ਨੂੰ ਜ਼ਾਲਿਮਾਂ ਹੱਥੋਂ ਕਦੇ ਮਰਨ ਨਹੀਂ ਦੇਣਾ
ਓਹਨਾਂ ਦੁਸ਼ਟ ਫ਼ਰੰਗੀਆਂ ਤਾਈਂ ਯਾਦ ਕਰਾਈ ਨਾਨੀ
ਮਹਾਰਾਜ ਪਰਤਾਪ ਸਿੰਘ ਜੀ... ... ।

ਤਕਦੇ ਹਾਂ ਅਸੀਂ ਰਾਹ ਪਏ ਤੇਰਾ ਦਾਤਾ, ਚੁੱਕ ਚੁੱਕ ਅੱਡੀਆਂ
'ਦੀਪਕ' ਤੇਰੇ ਦੀਦਾਰ ਦੀ ਖਾਤਿਰ ਇਹ ਅੱਖਾਂ ਨੇ ਗੱਡੀਆਂ
ਅੰਮ੍ਰਿਤ ਵਰਗੀ ਸ਼ਕਤੀ ਰਖੇ ਗੜਵੇ ਤੇਰੇ ਦਾ ਪਾਣੀ
ਮਹਾਰਾਜ ਪਰਤਾਪ ਸਿੰਘ ਜੀ... ... ।



Namdhari Elibrary NamdhariElibrary@gmail.com

## ਉਹ ਪਰਬਤ ਮੈਂ ਰਾਈ

**ਬਲਵੰਤ ਸਿੰਘ ਨਿਰਵੈਰ**

ਪਰਤਾਪ ਸਿੰਘ ਸਤਿਗੁਰਾਂ ਦੀ ਮਹਿਮਾ
ਉਪਮਾਂ ਤੇ ਵਡਿਆਈ
ਕਿੰਝ ਲਿਖਾਂ ਕਿੰਝ ਕਥਨ ਕਰਾਂ ਮੈਂ
ਉਹ ਪਰਬਤ ਮੈਂ ਰਾਈ

ਹਰੀ ਸਿੰਘ ਜੋ ਰੂਪ ਹਰੀ ਦਾ
ਜਿਨ੍ਹਾਂ ਘਰ ਪਰਗਟਾਏ
ਦੋਹੀਂ ਜਹਾਨੀਂ ਵਾਜੇ ਵਜੇ
ਸਤਿਗੁਰ ਜੱਗ ਵਿਚ ਆਏ
ਇਕ ਫੁੱਲ ਖਿੜਿਆ ਪਲ ਵਿਚ ਫੈਲੀ
ਚੌਹੁ ਕੂੰਟੀਂ ਖੁਸ਼ਬੋਈ
ਭੈਣੀ ਸਾਹਿਬ ਦੀ ਪਾਵਨ ਧਰਤੀ
ਹੋਰ ਸੁਭਾਗੀ ਹੋਈ

ਨੈਣਾਂ ਦੇ ਵਿਚ ਨਾਮ ਖੁਮਾਰੀ
ਦਗ ਦਗ ਕਰਦਾ ਮੱਥਾ
ਇੰਝ ਜਾਪੇ ਜਿਓਂ ਚੰਨ ਅਕਾਸ਼ੋਂ
ਧਰਤੀ ਉਤੇ ਲੱਥਾ
ਭਜਨ ਬਾਣੀ ਸਿਮਰਨ ਦੀਆਂ ਦਾਤਾਂ
ਜਗ ਵਿਚ ਵੰਡਣ ਆਇਆ
ਸਤਿਗੁਰ ਰਾਮ ਸਿੰਘ ਦਾ ਸਿਰ ਤੇ
ਸਦਾ ਲਈ ਲੈ ਸਾਇਆ



Namdhari Elibrary NamdhariElibrary@gmail.com

ਜਦੋਂ ਬੋਲਦਾ ਪਿਆਰ ਦਾ ਸੋਮਾ
ਸਿਦਕਾਂ ਦੀ ਗੱਲ ਕਰਦਾ
ਸਾਰੀ ਜ਼ਿੰਦਗੀ ਸਿਦਕਵਾਨਾਂ ਦੇ
ਰਿਹਾ ਉਹ ਦਾਮਨ ਭਰਦਾ
ਭੈਣੀ ਸਾਹਿਬੋਂ ਲੈ ਕੇ ਬਖ਼ਸ਼ਿਸ਼
ਜਿਹੜੇ ਜਿਹੜੇ ਆਏ
ਪਰਤਾਪ ਸਿੰਘ ਸਤਿਗੁਰਾਂ ਦੇ ਉਹਨਾਂ
ਉਮਰਾਂ ਤਕ ਗੁਣ ਗਾਏ

ਜਿਹੜੇ ਜੀ ਸਤਿਗੁਰ ਨੂੰ ਭੁਲਦੇ
ਦੁੱਖ ਸਦਾ ਉਹ ਪਾਉਂਦੇ
ਸਭਨਾਂ ਤਾਂਈ ਚੋਜੀ ਪ੍ਰੀਤਮ
ਏਹੋ ਗੱਲ ਸਮਝਾਉਂਦੇ
ਸਿਖ ਦੀਆਂ ਦੂਰੋਂ ਹੀ ਸੁਣ ਲੈਂਦੇ
ਕੂਕਾਂ ਤੇ ਫਰਿਆਦਾਂ
ਸਤਿਗੁਰ ਪੂਰੇ ਨਾਮ ਦਾਨ ਦੇਹ
ਪੂਰਨ ਕਰਨ ਮੁਰਾਦਾਂ

ਸਤਗੁਰੂ ਪਰਤਾਪ ਸਿੰਘ ਜੀ
ਹੋਏ ਵੱਡ ਪਰਤਾਪੀ
ਚਮਕ ਪਈਆਂ ਤਕਦੀਰਾਂ
ਜਿਨ੍ਹਾਂ ਲਈ ਉਹਨਾਂ ਤੋਂ ਥਾਪੀ
ਕਿਵੇਂ ਕਥੀਏ ਕਿਵੇਂ ਲਿਖੀਏ
ਸਤਿਗੁਰ ਦੀ ਵਡਿਆਈ
ਉਹ ਵਡਭਾਗੇ ਜਿਨ੍ਹਾਂ ਜਿਨ੍ਹਾਂ ਦੀ
ਗੁਰੂ ਨਾਲ ਬਣ ਆਈ


Namdhari Elibrary NamdhariElibrary@gmail.com

## ਪੰਜ ਭਾਦਰੋਂ ਜੇ ਨਾ ਰਾਤ ਆਉਂਦੀ

**ਬਲਬੀਰ ਸਿੰਘ ਢਿਲੋਂ**

ਬੱਦਲ ਗ਼ਮਾਂ ਦੇ ਹੁੰਦੇ ਨਾ ਕਦੇ ਗੂਹੜੇ
ਨਾ ਹੀ ਅਖੀਆਂ ਵਿਚ ਬਰਸਾਤ ਔਂਦੀ
ਸਾਡੇ ਮਹਿਕਦੇ ਟਹਿਕਦੇ ਵਿਹੜਿਆਂ ਵਿਚ
ਹੋਣੀ ਚੰਦਰੀ ਜੇ ਨਾ ਝਾਤ ਪੌਂਦੀ
ਨਾ ਵਿਲਕਦੇ ਦਿਲੀ ਅਰਮਾਨ ਸਾਡੇ
ਬੁਲ੍ਹਾਂ ਉਤੇ ਨਾ ਤੜਪਦੀ ਬਾਤ ਔਂਦੀ
ਭੈੜੀ ਰਾਤ ਜੇ ਲੁੱਕ ਹਨੇਰਿਆਂ 'ਚ
ਸਾਡੇ ਸੀਨਿਆਂ ਵਿਚ ਨਾ ਘਾਤ ਲੌਂਦੀ
ਸਾਡਾ ਮਾਹੀ ਨਾ ਸਾਡੇ ਤੋਂ ਵੱਖ ਹੁੰਦਾ
ਕਲ-ਮੂੰਹੀਂ ਨਾ ਜੇਕਰ ਅਫਾਤ ਔਂਦੀ
ਹੰਝੂਆਂ ਵਿਚ ਨਾ ਹਾਸੇ ਤਬਦੀਲ ਹੁੰਦੇ
ਪੰਜ ਭਾਦਰੋਂ ਜੇਕਰ ਨਾ ਰਾਤ ਔਂਦੀ

ਗਲੀ ਗਲੀ ਵਿਚ ਗ਼ਮਾਂ ਦੀ ਰਾਤ ਪੈ ਗਈ
ਗ਼ਮ ਦੇ ਗਿਆ ਮਾਹੀ ਗ਼ਮਖਾਰ ਮੇਰਾ
ਅੱਖਾਂ ਰੋਂਦੀਆਂ ਹੋਣ ਤਾਂ ਪੂੰਝ ਲਈਏ
ਰੋਵੇ ਦਿਲ ਦੁਖੀਆ ਜ਼ਾਰੋ ਜ਼ਾਰ ਮੇਰਾ
ਜੀ ਕਰਦਾ ਏ ਮੀਢੀਆਂ ਪੁੱਟ ਸੁੱਟਾਂ
ਮੈਨੂੰ ਭਾਵੇ ਨਾ ਕੀਤਾ ਸ਼ਿੰਗਾਰ ਮੇਰਾ
ਅੱਜ ਮੇਰੇ ਪਿਆਰ ਦੀ ਹਾਰ ਹੋ ਗਈ
ਮੇਰੇ ਗੱਲ 'ਚੋਂ ਟੁੱਟ ਗਿਆ ਹਾਰ ਮੇਰਾ



Namdhari Elibrary NamdhariElibrary@gmail.com

ਸਦਾ ਵਾਂਗ ਹੀ ਮਹਿਕਦੀ ਸ਼ਾਮ ਔਂਦੀ
ਸਦਾ ਵਾਂਗ ਹੀ ਹੱਸਦੀ ਪ੍ਰਭਾਤ.ਔਂਦੀ
ਛੇ ਭਾਦਰੋਂ ਦਾ ਨਾ ਭੈੜਾ ਦਿਨ ਔਂਦਾ
ਪੰਜ ਭਾਦਰੋਂ ਜੇ ਨਾ ਰਾਤ ਔਂਦੀ

ਅੱਖਾਂ ਵਿਚ ਦੀਦਾਰ ਦੇ ਚਾਅ ਹੈਸਨ
ਐਪਰ ਸਾਰੇ ਹੀ ਧਰੇ ਦੇ ਧਰੇ ਰਹਿ ਗਏ
ਦਿਲ ਭਰੇ ਸਨ ਗੱਲਾਂ ਦੇ ਨਾਲ ਬਹੁਤੇ
ਐਪਰ ਸਾਰੇ ਹੀ ਭਰੇ ਦੇ ਭਰੇ ਰਹਿ ਗਏ
ਗ਼ਮ ਚਿੰਬੜਿਆ ਬਣ ਕੇ ਭੂਤ ਸਾਨੂੰ
ਹਾਸੇ ਡਰ ਕੇ ਪਰ੍ਹੇ ਦੇ ਪਰ੍ਹੇ ਰਹਿ ਗਏ
ਬਿਨਾ ਮਾਹੀ ਤੋਂ ਕਾਹਦਾ ਜੀਉਣ ਸਾਡਾ
ਅਸੀਂ ਜੀਉਂਦੇ ਵੀ ਜੱਗ ਤੇ ਮਰੇ ਰਹਿ ਗਏ
ਮਿਲਦਾ ਉਹੀ ਹੈ ਜੱਗ ਤੇ ਸਾਰਿਆਂ ਨੂੰ
ਲਿਖੀ ਹੋਈ ਜੋ ਧੁਰੋਂ ਬਰਾਤ ਔਂਦੀ
ਖੌਰੇ ਫੇਰ ਵੀ ਕਦੇ ਦੀਦਾਰ ਹੁੰਦਾ
ਪੰਜ ਭਾਦਰੋਂ ਜੇ ਨਾ ਰਾਤ ਔਂਦੀ

ਤੇਰੀ ਯਾਦ ਨੂੰ ਸੀਨੇ ਵਿਚ ਘੁਟ ਕੇ ਤੇ
ਜਿਨਾਂ ਚਿਰ ਜੀਊਣਾ ਹੈ ਜੀ ਲਾਂਗੇ
ਡੁਲ੍ਹੱਣ ਤੇਰੇ ਵਿਜੋਗ ਵਿਚ ਜੋ ਹੰਝੂ
ਅੰਮ੍ਰਿਤ ਜਾਣ ਕੇ ਉਹਨਾਂ ਨੂੰ ਪੀ ਲਾਂਗੇ
ਕਿਸੇ ਅਗੇ ਨਹੀਂ ਸ਼ਿਕਵਾ ਸ਼ਿਕਾਇਤ ਕਰਦੇ
ਸ਼ਿਕਵੇ ਗਿਲੇ ਸਭ ਦੰਦਾਂ 'ਚ ਪੀਹ ਲਾਂਗੇ
ਪੀੜ ਦਿਲ ਦੀ ਦਿਲ ਵਿਚ ਘੁੱਟ ਲਾਂਗੇ
ਹਾਉਕੇ ਰੋਕ ਲਾਂਗੇ ਬੁੱਲ੍ਹ ਸੀ ਲਾਂਗੇ
ਤੇਰੇ ਬਾਝ ਪਿਆਰਿਆ ਕੁਝ ਵੀ ਨਹੀਂ
ਨਹੀਂ ਦਿਲ ਨੂੰ ਕੋਈ ਸੁਗਾਤ ਭੌਂਦੀ
ਨਾ ਹੀ ਵਿਛੜਦਾ ਵੱਡੇ ਪਰਤਾਪ ਵਾਲਾ
ਪੰਜ ਭਾਦਰੋਂ ਜੇ ਨਾ ਰਾਤ ਔਂਦੀ



Namdhari Elibrary NamdhariElibrary@gmail.com

## ਸੱਚਾ ਦਰਬਾਰ ਤੇਰਾ

**ਅਮਰਜੀਤ ਸਿੰਘ 'ਅਮਰ'**

ਕਪਾਟ ਉਹਦੇ ਗਿਆਨ ਦੇ ਖੁਲ੍ਹ ਜਾਵਣ
ਚੁੰਮ ਲਵੇ ਜੋ ਆਕੇ ਦੁਆਰ ਤੇਰਾ
ਤੇਰੇ ਦਰ ਦੀ ਧੂੜ ਨੂੰ ਲਾ ਮੱਥੇ
ਸੇਵਕ ਹੋ ਜਾਏ ਭਉਜਲੋਂ ਪਾਰ ਤੇਰਾ
ਰਾਜੇ ਰੰਕ ਨੂੰ ਇਕੋ ਜਹੀ ''ਜੀਅ ਆਇਆ''
ਦਰ ਆਖਦਾ ਬਾਹਵਾਂ ਪਸਾਰ ਤੇਰਾ
ਜੀਹਦੇ ਬੋਝੇ 'ਚ ਸੱਚ ਦੇ ਚਾਰ ਸਿੱਕੇ
ਕੇਵਲ ਉਹਦੇ ਸੰਗ ਕਾਰ-ਵਿਹਾਰ ਤੇਰਾ
ਏਥੇ ਡਿੱਠਾ ਨਿਮਾਣੇ ਨੂੰ ਮਾਣ ਮਿਲਦਾ
ਸਾਹੂਕਾਰ ਡਿੱਠਾ, ਜੇਵਾਦਾਰ ਤੇਰਾ
ਨਉਂ ਨਿੱਧੀਆਂ ਨਿਤ ਨਿਉਣ ਜਿਥੇ
ਸਤਿਗੁਰ ਰਾਮ ਸਿੰਘ ਸੱਚਾ ਦਰਬਾਰ ਤੇਰਾ

ਤੈਨੂੰ ਟੱਬਰ ਦੇ ਬੰਨ੍ਹ, ਨਾ ਬੰਨ੍ਹ ਸੱਕੇ
ਹੈਸੀ ਸਾਰਾ ਸੰਸਾਰ ਪਰਵਾਰ ਤੇਰਾ
ਤੇਰੇ ਮਨ ਦੇ ਭਾਂਡੇ ਚੋਂ ਛਲਕਦਾ ਸੀ
ਜੀਵ ਜੰਤੂਆਂ ਪ੍ਰਤੀ ਪਿਆਰ ਤੇਰਾ
ਮਹਿਕਣ ਲਗਾ ਗੁਲਾਬ ਦੇ ਫੁੱਲ ਵਾਂਗੂ
ਲੱਖਾਂ ਸੀਨਿਆਂ ਵਿਚ ਸਤਿਕਾਰ ਤੇਰਾ
ਮਸਤੀ ਵਿਚ ਕਰਤਾਰ ਦਾ ਤੂੰ ਹੋਇਓਂ
ਅਤੇ ਹੋ ਗਿਆ ਆਪ ਕਰਤਾਰ ਤੇਰਾ



Namdhari Elibrary NamdhariElibrary@gmail.com

ਭੈਣੀ ਸਾਹਿਬ ਸਵਰਗ ਦਾ ਜਿਵੇਂ ਟੁਕੜਾ
ਜ਼ੱਰੇ ਜ਼ੱਰੇ 'ਚ ਦਿਸੇ ਖੁਮਾਰ ਤੇਰਾ
ਨਉਂ ਨਿੱਧੀਆਂ, ਨਿਤ ਨਿਉਂਣ ਜਿਥੇ
ਸਤਿਗੁਰ ਰਾਮ ਸਿੰਘ ਸੱਚਾ ਦਰਬਾਰ ਤੇਰਾ

ਚੌਹੀਂ ਕੂੰਟੀਂ ਬਹਾਰਾਂ ਖਿੜਾਣ ਵਾਲੇ
ਰਾਹ ਤੱਕੇ ਬਸੰਤ ਬਹਾਰ ਤੇਰਾ
ਸੱਚੇ ਪਾਤਸ਼ਾਹ, ਸਤਿਗੁਰ ਪਰਤਾਪ ਸਿੰਘ ਚੋਂ
ਦੁਨੀਆ ਤੱਕਿਆ ਅਕਸ-ਆਕਾਰ ਤੇਰਾ
ਜਗਜੀਤ ਸਿੰਘ ਜੀ ਗੁਰੂ ਦੇ ਮੁਖੜੇ ਤੇ
ਰਹਿੰਦਾ ਡਲ੍ਹਕਦਾ ਰੂਪ ਅਪਾਰ ਤੇਰਾ
ਕਦੀ ਵੇਖ ਆਕੇ, ਤੇਰੇ ਸੇਵਕਾਂ ਨੇ
ਕਿੰਨਾ ਸੁੰਦਰ ਖਿੜਾਇਐ ਗੁਲਜ਼ਾਰ ਤੇਰਾ
ਦਿਨੇ ਰਾਤ ਭਾਵੇਂ ਰਹਿੰਦਾ ਵਰਤਦਾ ਏ
ਤਾਂ ਵੀ ਰਹੇ ਅਤੁੱਟ ਭੰਡਾਰ ਤੇਰਾ
ਨਉਂ ਨਿੱਧੀਆਂ ਨਿੱਤ ਨਿਉਂਣ-ਜਿਥੇ
ਸਤਿਗੁਰ ਰਾਮ ਸਿੰਘ ! ਸੱਚਾ ਦਰਬਾਰ ਤੇਰਾ

ਧਰਤੀ ਕੋਟਲੇ ਦੀ ਡਿੱਠਾ ਆਪ ਅੱਖੀਂ
ਡੋਲੇ ਯਸ਼ ਦਾ ਕ੍ਰਿਸ਼ਮਾ ਇਕ ਵਾਰ ਤੇਰਾ
ਕੂਕੇ, ਦੇਸ਼ ਆਜ਼ਾਦੀ ਦੇ ਲਈ ਕੂਕੇ
ਚੀਨੀ ਵਾਲਿਆ ਕਰਕੇ ਦੀਦਾਰ ਤੇਰਾ
ਲੱਖ ਤੋਪਾਂ ਦੀ ਅੱਗ ਨਾ ਠਲ੍ਹ ਸੱਕੀ
ਠਾਠਾਂ ਮਾਰਦਾ ਜਜ਼ਬਾ ਅਪਾਰ ਤੇਰਾ
ਲਾੜੀ ਮੌਤ ਵਿਆਹੁੰਦਾ ਗਿਆ ਆਕੇ
ਕੂਕਾ ਇਕ ਇਕ ਅਗਿਆਕਾਰ ਤੇਰਾ
ਦਾੜ੍ਹੀ ਕਾਵਨ ਦੀ ਪੁੱਟ ਕੇ ਕਹਿਣ ਲੱਗਾ
ਇਕ ਨਿੱਕਾ ਜਿਹਾ ਬਰਖੁਰਦਾਰ ਤੇਰਾ
ਔਹ ਲੈ ਗੋਰਿਆ ! ਪੁੱਟ ਕੇ ਰਖ ਦਿੱਤਾ
ਆਪਣੇ ਘਰ ਵਿਚੋਂ ਕਾਰੋ-ਬਾਰ ਤੇਰਾ

ਸੌ ਸਾਲ ਮਗਰੋਂ, ਬਾਪੂ ਗਾਂਧੀ ਨੇ ਆ
ਅੱਗੇ ਤੋਰਿਆ ਖਾਦੀ-ਪਰਚਾਰ ਤੇਰਾ
ਰਿਹਾ ਸਦਾ ਤੂੰ ਜਾਹੋ ਜਲਾਲ ਅੰਦਰ
ਸਿੱਕਾ ਮੰਨਿਆ ਗੋਰੀ ਸਰਕਾਰ ਤੇਰਾ



Namdhari Elibrary NamdhariElibrary@gmail.com

ਉੱਚਾ ਨੀਵਾਂ ਤੂੰ ਇਕ ਸਮਾਨ ਜਾਤਾ
ਇਹ ਮਨੁੱਖਤਾ ਉਤੇ ਉਪਕਾਰ ਤੇਰਾ
ਤੇਰੇ ਸੀਨੇ 'ਚ ਪੀੜ ਪਰਾਈ ਬਦਲੇ
ਰਿਣੀ ਰਹੇਗਾ ਕੁਲ ਸੰਸਾਰ ਤੇਰਾ
ਕਿਉਂ ਨਾ ਵੱਧਦੇ ਫੁੱਲਦੇ ਨਜ਼ਰ ਆਵਣ
ਨਾਮਧਾਰੀਆਂ, ਨਾਮ-ਅਧਾਰ ਤੇਰਾ
ਨਊਂ ਨਿੱਧੀਆਂ ਨਿੱਤ ਨਿਉਂਣ ਜਿਥੇ
ਸਤਿਗੁਰ ਰਾਮ ਸਿੰਘ ਸੱਚਾ ਦਰਬਾਰ ਤੇਰਾ



Namdhari Elibrary NamdhariElibrary@gmail.com

# ਸਤਿਗੁਰੂ ਪਰਤਾਪ ਸਿੰਘ ਸ਼ਤਾਬਦੀ

**ਪ੍ਰੀਤਮ ਸਿੰਘ ਕਵੀ**

ਪਹਿਲਾ ਚਰਨ ਜਾਂ ਜਗਤ ਦੇ ਵਿਚ ਧਰਿਆ
ਕੈਦ ਕੜਕ ਗਈ ਕੰਸ-ਜਰਵਾਣਿਆਂ ਦੀ
ਸਰਘੀ ਮੁਸਕਣੀ ਨੇ ਜਦੋਂ ਰੰਗ ਡੁੱਲੇ
ਸ੍ਰਿਸ਼ਟੀ ਹੱਸ ਪਈ ਭਰੀ ਦੀਵਾਨਿਆਂ ਦੀ
ਕਰਵਟ ਪਹਿਲੀ ਨੇ ਲਹਿਰ ਨੂੰ ਤੇਜ਼ ਕੀਤਾ
ਚਲੀ ਆਉਂਦੀ ਜੋ ਦੇਸ਼-ਪਰਵਾਨਿਆਂ ਦੀ
ਪਹਿਲੇ ਬੋਲ ਨੇ ਸੱਜਣੋਂ ਤੋਲ ਦਿੱਤੀ
ਸ਼ਕਤੀ ਆਪਣੇ ਅਤੇ ਬੇਗਾਨਿਆਂ ਦੀ
ਸੁਣੀ ਗਈ ਫ਼ਰਿਆਦ ਤਦ ਕੂਕਿਆਂ ਦੀ
ਦੁਸ਼ਮਨ ਦਹਿਲਿਆ ਤੱਕ ਕੇ ਵਾਰ ਤੇਰਾ
ਤਾਂ ਹੀ ਭਾਰਤ ਦੀ ਆਤਮਾ ਆਖ ਉੱਠੀ
ਯਾਦ ਰਹੇਗਾ ਸਦਾ ਪਿਆਰ ਤੇਰਾ

ਜਿਉਂ ਜਿਉਂ ਰਿੜ੍ਹਿਉਂ ਤੇ ਖੇਡ ਜੁਆਨ ਹੋਇਓਂ
ਤਿਉਂ ਤਿਉਂ ਦੇਸ਼ ਵੀ ਰੰਗ ਵਟਾਏ ਸੁਹਣੇ
ਦੁਸ਼ਮਣ ਪਕੜ ਤੇਰੀ ਨਿਤ ਰਿਹਾ ਚਾਂਹੁਦਾ
ਪਰ ਤੂੰ ਓਸ ਦੇ ਹੋਸ਼ ਭੁਲਾਏ ਸੁਹਣੇ
ਸਦਾ ਕੌਮੀ ਤਹਿਰੀਕ ਦੇ ਨਾਲ ਰਹਿ ਕੇ
ਗੀਤ ਪੂਰਣ ਆਜ਼ਾਦੀ ਦੇ ਗਾਏ ਸੁਹਣੇ
ਸਮਾਂ ਆਇਆ ਤਾਂ ਵੰਡੀਆਂ ਪੈ ਗਈਆਂ
ਨੀਤੀਵਾਨ ਤੂੰ ਰੂੜ੍ਹੇ ਵਿਖਾਏ ਸੁਹਣੇ



Namdhari Elibrary NamdhariElibrary@gmail.com

ਮੰਨਣ ਵਾਲਿਆਂ ਤਾਈਂ ਸੁਰਜੀਤ ਰਖਣਾ
ਇਹ ਸੀ ਕੂਕਿਆਂ ਉਤੇ ਉਪਕਾਰ ਤੇਰਾ
ਹੁਣ ਤਾਂ ਦੂਜੇ ਵੀ ਇੰਝ ਪਏ ਆਖਦੇ ਨੇ
ਯਾਦ ਰਹੇਗਾ ਸਦਾ ਪਿਆਰ ਤੇਰਾ

ਸਦਾ ਏਕਤਾ ਰਹੀ ਧ੍ਰੂ ਤੇਰਾ
ਮੁਸਲਿਮ, ਸਿੱਖ, ਹਿੰਦੂ ਲਈ ਤੂੰ ਜ਼ੋਰ ਲਾਇਆ
ਹਿੰਦੂ ਸਿੱਖ ਵਿਚ ਪੁਲ ਜਿਹੀ ਸਾਂਝ ਰੱਖੀ
ਸਿੱਖ ਸਿੱਖ ਵਿਚ ਪਿਆਰ ਨੂੰ ਜਗਮਗਾਇਆ
ਬਹੁੜੀ ਸੁਣੀ ਤੂੰ ਸ਼ੁਧ ਸੰਗੀਤ ਦੀ ਵੀ
ਤੇ ਗੁਰਬਾਣੀ ਦਾ ਗਾਣ ਵੀ ਤੂੰ ਸਿਖਾਇਆ
ਆਗੂ ਧਰਮ ਦਾ ਰਹਿ ਵਰਨੀ ਪਾਠ ਕਰ ਕਰ
ਵਿਸ਼ਵ ਸ਼ਾਂਤੀ ਦਾ ਸਦਾ ਤੂੰ ਨਾਦ ਵਾਇਆ
ਐਪਰ ਕੌਮੀ ਉਸਾਰੀ ਤੇ ਮਿਹਰ ਕੀਤੀ
ਗਊ-ਪਾਲ ਬਣਨਾ ਸੀ ਉਪਕਾਰ ਤੇਰਾ
ਜ਼ਾਕੇ ਸਰਸੇ ਦੇ ਬੰਜਰ ਗੁਲਜ਼ਾਰ ਕੀਤੇ
ਯਾਦ ਰਹੇਗਾ ਸਦਾ ਪਿਆਰ ਤੇਰਾ

ਮਹਿਕ ਵਾਂਗ ਫਜ਼ਾ ਵਿਚ ਘੁਲ ਗਿਆ ਏਂ
ਮੁੜ ਕੇ ਲੱਭਣੀ ਨਹੀਂ ਨੁਹਾਰ ਉਹੋ
ਕਲੀ ਕਲੀ ਨੂੰ ਬੁਲਬੁਲੇ ਛੇੜਦੀ ਸੈਂ
ਹਿਰਦਾ ਲੋਚਦੈ ਆਵੇ ਬਾਹਰ ਉਹੋ
ਤੇਰੀ ਆਸ ਜਗਜੀਤ ਨੇ ਕਰੀ ਪੂਰੀ
ਸਾਡੇ ਲਈ ਵੀ ਏਥੇ ਪਿਆਰ ਉਹੋ
ਤੇਰਾ ਰੂਪ ਅਰੂਪਤਾ ਵਿਚ ਰਲਿਆ
ਨੈਣਾ ਇਹਦਿਆਂ ਤੋਂ ਚਮਤਕਾਰ ਉਹੋ
ਸਾਨੂੰ ਬੱਚਿਆਂ ਵਾਂਗਰਾਂ ਪਾਲਿਆ ਸਈ
ਅੱਜ ਵੀ ਏਸ 'ਚੋਂ ਹੋਵੇ ਦੀਦਾਰ ਤੇਰਾ
ਇਹਨੂੰ ਸੀਸ ਨਿਵਾਂਦਿਆਂ ਕਹੇ 'ਪ੍ਰੀਤਮ'
ਯਾਦ ਰਹੇਗਾ ਸਦਾ ਪਿਆਰ ਤੇਰਾ



Namdhari Elibrary NamdhariElibrary@gmail.com

# ਸਤਿਗੁਰ ਪਰਤਾਪ ਸਿੰਘ ਦੀ ਦੇਣ

**ਕਰਤਾਰ ਸਿੰਘ 'ਗੁਲਸ਼ਨ'**

ਮੇਰੇ ਦੇਸ਼ ਦੀ ਸੱਚੇ ਪਾਤਸ਼ਾਹ ਕੀਤੀ ਅਗਵਾਨੀ
ਗੁਰਾਂ ਇੰਝ ਸਵਾਰੀ ਗਊਆਂ ਦੀ ਫਿਰ ਨਸਲ ਹੈਵਾਨੀ
ਦੁੱਧ ਮਣ ਮਣ ਦਿਤੇ ਗਊਆਂ ਨੇ ਹੋ ਗਈ ਹੈਰਾਨੀ
ਦੁੱਧ ਘਿਓ ਤੋਂ ਵਾਂਝੇ ਨਾ ਰਹਿਣ ਹਿੰਦੁਸਤਾਨੀ
ਜਿਥੇ ਬਖ਼ਸ਼ੀ ਦਾਤੇ ਨਾਮ ਨਾਲ ਮੁਕਤੀ ਰੂਹਾਨੀ
ਓਥੇ ਬਖ਼ਸ਼ੀ ਤਾਕਤ ਕੌਮ ਨੂੰ ਜ਼ਾਹਰਾ ਜਿਸਮਾਨੀ

ਫਿਰ ਘੋੜੇ ਪਾਲੇ ਗੁਰੂ ਸਾਹਿਬ ਘਟ ਘਟ ਦੇ ਜਾਨੀ
ਆ ਗਈ ਘੋੜਿਆਂ ਵਿਚ ਓਹ ਚੁਸਤੀ ਤੇ ਰਵਾਨੀ
ਪਏ ਦੌੜਨ ਪਵਨ ਰੂਪ ਹੋ ਤੇ ਵੇਗ ਤੂਫਾਨੀ
ਸੱਚ, ਸਿਮਰਨ, ਦੱਸੀ ਸਾਦਗੀ ਸਾਧਨ ਗੁਰਬਾਨੀ
ਓਹ ਕੌਮ ਨਹੀਂ ਮਿਟਦੀ ਜਿਦ੍ਹੇ ਵਿਚ ਸੇਵਾ ਕੁਰਬਾਨੀ
ਹੈ ਸ਼ਕਤੀ ਭਗਤੀ ਕੌਮ ਦੀ ਅਸਲੀ ਜ਼ਿੰਦਗਾਨੀ

ਫਿਰ ਸਿੱਖ ਪੰਥ ਵਿਚ ਏਕਤਾ ਦੀ ਲਹਿਰ ਚਲਾਈ
ਓਹਨਾਂ ਹਰ ਸੰਪਰਦਾ ਸੀ ਭੈਣੀ ਸਾਹਿਬ ਆਪ ਬੁਲਾਈ
ਉਨ੍ਹਾਂ ਸੀਸ ਨਿਵਾ ਅਕਾਲ ਨੂੰ ਅਰਦਾਸ ਕਰਾਈ
ਉਨ੍ਹਾਂ ਕਿਹਾ ਸੀ ਹੈ ਗੁਰ ਪੰਥ ਦੀ ਇਸ ਵਿਚ ਭਲਾਈ
ਇੰਝ ' ਗੁਲਸ਼ਨ' ਦੇਸ ਦੀ ਗੁਰੂ ਸਾਹਿਬ ਕੀਤੀ ਅਗਵਾਈ
ਸਿੱਖ, ਹਿੰਦੂ, ਮੁਸਲਿਮ ਏਕਤਾ ਇਸ ਦਰ ਤੋਂ ਪਾਈ



Namdhari Elibrary NamdhariElibrary@gmail.com

## ਪੁਰਖ ਅਕਾਲ ਸਤਿਗੁਰ

**ਪਰਮਜੀਤ ਸਿੰਘ 'ਸਾਜਨ'**

ਸਤਿਗੁਰ ਰੱਬੀ ਪਰਤਾਪ, ਪਰਤਾਪ ਸਿੰਘ ਜੀ
ਦੀਨ ਦੁਖੀਆਂ ਦੇ ਦਰਦ ਨਿਵਾਰਦੇ ਸੀ ।
ਜਿਹੜੇ ਕਰਮਾਂ ਦੀ ਖੁਭਣ ਵਿਚ ਜਾਣ ਖੁਭੇ,
ਉਹ ਨਾਮ ਪਰਤਾਪ ਨਾਲ ਤਾਰਦੇ ਸੀ ।
ਜਿਹੜੇ ਹਉਮੈਂ ਦੀ ਅੱਗ ਵਿਚ ਜਾਣ ਸੜਦੇ,
ਛੱਟਾ ਬਾਣੀ ਦਾ ਮਾਰ ਕੇ ਠਾਰਦੇ ਸੀ ।
ਕਿਵੇਂ ਰੱਬ ਵੀ ਉਹਨਾਂ ਦੀ ਮੰਨਦਾ ਨਾ,
ਉਹ ਵਜ਼ੀਰ ਜੋ ਸੱਚੀ ਸਰਕਾਰ ਦੇ ਸੀ ।
ਅੱਜ ਦਰਸ਼ਨਾਂ ਨੂੰ ਸੰਗਤ ਲੋਚਦੀ ਏ,
ਇਕ ਵਾਰ ਤੇ ਦਰਸ ਦਿਖਾਲ ਸਤਿਗੁਰ ।
ਸੱਚ ਖੰਡ ਦੇ ਵਾਸੀਆ ਸੱਚ ਆਖਾਂ,
ਤੇਰੀ ਮਿਲੇ ਨਾ ਕਿਤੇ ਮਿਸਾਲ ਸਤਿਗੁਰ ।

ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਬਣ ਗਏ,
ਤੇਰੇ ਦਰ ਦੇ ਜਿਹੜੇ ਫਕੀਰ ਦਾਤਾ ।
ਤੇਰੇ ਚਰਨਾਂ ਦੀ ਮਲੀ ਜਿਸ ਧੂੜ ਮੱਥੇ,
ਹੋਇਆ ਉਹਦਾ ਨਿਰੋਗ ਸਰੀਰ ਦਾਤਾ ।
ਧਾੜੇ, ਚੋਰੀਆਂ ਡਾਕੇ ਸੀ ਕੰਮ ਜਿਦ੍ਹਾ,
ਹੋਏ ਅਰੂੜ ਸਿੰਘ ਜਿਹੇ ਸਿੱਧੇ ਤੀਰ ਦਾਤਾ ।
ਜਲਵੇ ਨੂਰ ਦੇ ਵੇਖਦਾ ਰਹਾਂ ਹਰਦਮ
ਰਹੇ ਨੈਨਾਂ 'ਚ ਤੇਰੀ ਤਸਵੀਰ ਦਾਤਾ ।
ਤੇਰੇ ਜੋਤੀ-ਜੋਤ ਸਮਾਣ ਪਿਛੋਂ



Namdhari Elibrary NamdhariElibrary@gmail.com

ਅਸੀਂ ਹਾਲ ਤੋਂ ਹੋਏ ਬੇਹਾਲ ਸਤਿਗੁਰ ।
ਪੰਜ ਭਾਦੋਂ ਦੀ ਜਦੋਂ ਵੀ ਯਾਦ ਆਵੇ,
ਉੱਠੱਣ ਦਿਲ 'ਚੋਂ ਲੱਖਾਂ ਉਬਾਲ ਸਤਿਗੁਰ ।

ਸਿਫਤ ਕਰਨ ਇਉਂ ਤੇਰੀਆਂ ਬਖਸ਼ਿਸ਼ਾਂ ਦੀ,
ਜਿਵੇਂ ਅੰਬਰ ਤੋਂ ਤੋੜਨਾ ਤਾਰਿਆਂ ਨੂੰ ।
ਭੁੱਲਾਂ ਲੈ ਕੇ ਤੇਰੇ ਜੋ ਦਰ ਆਏ,
ਬਖਸ਼ਿਸ਼ ਵੰਡ ਦਿੱਤੀ ਭੁੱਲਣ ਹਾਰਿਆਂ ਨੂੰ ।
ਡੁੱਬੇ ਜਿਹੜੇ ਸੀ ਕਿਬਰ ਹੰਕਾਰ ਅੰਦਰ,
ਚਰਨੀਂ ਲਾਇਆ ਦਰਗਾਹੋਂ ਦੁਰਕਾਰਿਆਂ ਨੂੰ ।
ਨਾਮ ਦੇ ਕੇ ਭਗਤਾਂ ਨੂੰ ਪਾਰ ਕੀਤਾ,
''ਸਾਜਨ'' ਜਿਹੇ ਲੱਖਾਂ ਅਵਗੁਣ ਹਾਰਿਆਂ ਨੂੰ ।
ਨਾਨਕ, ਰਾਮ, ਹਰੀ, ਵਿਚ ਜੋਤਿ ਇਕੋ,
ਇਕੋ ਪਰਤਾਪ ਸਿੰਘ ਜੀ ਪੁਰਖ ਅਕਾਲ ਸਤਿਗੁਰ ।
ਸੱਚ, ਸੋਧ ਦਾ ਪਰਵਾਹ ਚਲਾ ਦਿਤਾ,
ਬਣਿਉਂ ਦੀਨਾਂ ਦਾ ਦੀਨ ਦਿਆਲ ਸਤਿਗੁਰ ।



Namdhari Elibrary NamdhariElibrary@gmail.com

## ਵੱਡੇ ਪਰਤਾਪ ਵਾਲਿਆ

**ਹਰਭਜਨ ਸਿੰਘ 'ਰਤਨ'**

ਵੱਡੇ ਪਰਤਾਪ ਵਾਲਿਆ, ਧੰਨ ਤੂੰ ਧੰਨ ਤੇਰੀ ਏ ਕਮਾਈ
ਤੇਰੇ ਉਪਕਾਰਾਂ ਨੇ ਧੁੰਮ ਵਿਚ ਦੁਨੀਆ ਦੇ ਪਾਈ

ਤੂੰ ਸੈਂ ਬੇਅੰਤ ਦਾਤਿਆ, ਤੇਰਾ ਅੰਤ ਕਿਸੇ ਨਾ ਪਾਇਆ
ਝੋਲੀ ਸਰ ਹਾਸੇ ਲੈ ਗਿਆ, ਤੇਰੇ ਦਰਤੇ ਜੋ ਅੱਥਰੂ ਲਿਆਇਆ
ਉਡਿਆ ਹਨੇਰਾ ਪਾਪ ਦਾ, ਤੇਰੇ ਮੁਖੜੇ ਦੀ ਤਕ ਰੁਸ਼ਨਾਈ
ਵੱਡੇ ਪਰਤਾਪ ਵਾਲਿਆ...

ਸੁੱਚ, ਸੋਧ, ਸਾਦਗੀ ਦਾ, ਤੂੰ ਹੀ ਜੱਗ ਤਾਈਂ ਦਿਤਾ ਸੀ ਖ਼ਜ਼ਾਨਾ
ਏਕਤਾ ਦਾ ਜਾਮ ਵੰਡਿਆ, ਸਾਰਾ ਦੇਸ਼ ਹੋਇਆ ਮਸਤਾਨਾ
ਸਾਡੇ ਧੰਨ ਭਾਗ ਦਾਤਿਆ, ਤੇਰੀ ਜਨਮ ਸ਼ਤਾਬਦੀ ਆਈ
ਵੱਡੇ ਪਰਤਾਪ ਵਾਲਿਆ...

ਸਮਾਜ 'ਚ ਬੁਰਾਈਆਂ ਕਢੀਆਂ, ਮਾੜੇ ਰਸਮ ਰਿਵਾਜ ਮਿਟਾਏ
ਜੰਜਾਂ, ਵਾਜੇ ਗਾਜੇ ਹਟ ਗਏ, ਅਤੇ ਵਰੀਆਂ ਤੇ ਦਾਜ ਤੂੰ ਹਟਾਏ
ਧੀਆਂ ਨੇ ਅਸੀਸਾਂ ਦੇਂਦੀਆਂ, ਚਿੰਤਾ ਮਾਪਿਆਂ ਦੀ ਤੂੰ ਹੀ ਹਟਾਈ
ਵੱਡੇ ਪਰਤਾਪ ਵਾਲਿਆ...

ਦੇਸਾਂ ਪ੍ਰਦੇਸਾਂ ਵਿਚ ਜਾ, ਨਾਮ ਬਾਣੀ ਦਾ ਸੰਚਾਰ ਤੂੰ ਹੀ ਕੀਤਾ
ਗੁਰਮਤ ਸੰਗੀਤ ਵਿਚ ਵੀ ਪਾਕੇ ਜਾਨ ਸੁਰਜੀਤ ਤੂੰ ਹੀ ਕੀਤਾ
ਤਾਹੀਓਂ ਲੈ ਕੇ ਓਟ ਰਾਗ ਦੀ ਤੇਰੀ ਮਹਿਮਾ 'ਰਤਨ' ਨੇ ਗਾਈ
ਵੱਡੇ ਪਰਤਾਪ ਵਾਲਿਆ...



Namdhari Elibrary NamdhariElibrary@gmail.com

# ਜਗਦੀ ਜੋਤਿ

**ਚਤਰ ਸਿੰਘ 'ਬੀਰ'**

ਭਲਾ ਕੀਤਾ ਹੈ ਜੀਹਨੇ ਮਨੁੱਖਤਾ ਦਾ,
ਜੱਗ ਵਿਚ ਮਸ਼ਹੂਰ ਉਹ ਸਤਿਗੁਰੂ ਸੀ ।
ਨੇਕੀ ਸਾਦਗੀ ਅਤੇ ਸਚਾਈ ਵਰਗੇ,
ਗੁਣਾਂ ਨਾਲ ਭਰਪੂਰ ਉਹ ਸਤਿਗੁਰੂ ਸੀ ।
ਲਾਉਂਦਾ ਚੁਭੀਆਂ ਨਾਮ ਦੇ ਨਸ਼ੇ ਅੰਦਰ,
ਰਹਿੰਦਾ ਸਦਾ ਮਸਰੂਰ ਉਹ ਸਤਿਗੁਰੂ ਸੀ ।
ਦੂਰ ਦੂਰ ਤਕ ਓਸਦੀ ਲੋਅ ਪੁਜੀ,
ਸਾਰੇ ਵਿਸ਼ਵ ਦਾ ਨੂਰ ਉਹ ਸਤਿਗੁਰੂ ਸੀ ।
ਚੰਗੀ ਆਤਮਾ ਨੇ ਚੰਗੇ ਕੰਮ ਕੀਤੇ,
ਮਹਿਕਾਂ ਚਾਰ ਚੁਫੇਰੇ ਖਿਲਾਰੀਆਂ ਨੇ ।
ਦੇ ਕੇ ਠੁਮਣਾ ਨਾਮ ਦਾ ਓਸ ਬਾਂਕੇ,
ਕਈ ਡੁਬਦੀਆਂ ਬੇੜੀਆਂ ਤਾਰੀਆਂ ਨੇ ।

ਦਰਸ਼ਨ ਓਸਦੇ ਕੀਤਿਆਂ ਭੁੱਖ ਲਹਿੰਦੀ,
ਚਿੱਟੇ ਕਪੜੇ ਮੁੱਖੜਾ ਲਾਲ ਹੈ ਸੀ ।
ਠਹਿਰਨ ਕਿਸ ਤਰ੍ਹਾਂ ਸਾਹਮਣੇ ਚੰਨ ਤਾਰੇ,
ਚੜ੍ਹਦੇ ਸੂਰਜ ਦੇ ਵਾਂਗ ਜਲਾਲ ਹੈ ਸੀ ।
ਡੂੰਘੀ ਵਾਂਗ ਸਮੁੰਦਰ ਦੇ ਸੋਚ ਉਸਦੀ,
ਪਰਬਤ ਵਾਂਗ ਅਟੱਲ ਖ਼ਿਆਲ ਹੈ ਸੀ ।
ਜੀਵਨ ਵਿਚ ਮੁਸੀਬਤਾਂ ਕਈ ਆਈਆਂ,
ਐਪਰ ਓਸਦਾ ਰਾਖਾ ਅਕਾਲ ਹੈ ਸੀ ।



Namdhari Elibrary NamdhariElibrary@gmail.com

ਸਾਡੇ ਵਿਚ ਹੁੰਦਾਂ ਜੇਕਰ ਸੂਰਮਾ ਉਹ,
ਦੌਲਤ ਸਾਰੀ ਮੁਹੱਬਤ ਦੀ ਡੋਲ੍ਹ ਦੇਂਦਾ ।
ਘਰ ਘਰ ਪਹੁੰਚ ਕੇ ਨਫ਼ਰਤਾਂ ਦੂਰ ਕਰਕੇ,
ਗੁੰਝਲ ਦੁਖੀ ਪੰਜਾਬ ਦੀ ਖੋਲ੍ਹ ਦੇਂਦਾ ।

ਰਹਿੰਦਾ ਬੇਪਰਵਾਹ ਸੀ ਜੱਗ ਵਲੋਂ,
ਫੱਕਰ ਮਸਤ ਮਲੰਗ ਉਹ ਸਤਿਗੁਰੂ ਸੀ ।
ਰੰਗ ਛਡੀਆਂ ਉਸਨੇ ਕਈ ਰੂਹਾਂ,
ਰਾਮ ਨਾਮ ਦਾ ਰੰਗ ਉਹ ਸਤਿਗੁਰੂ ਸੀ ।
ਉਹਨੇ ਦਿਲਾਂ ਦੀ ਮੈਲ ਹੁੰਗਾਲ ਛਡੀ,
ਵਸਦੀ ਗਿਆਨ ਦੀ ਗੰਗ ਉਹ ਸਤਿਗੁਰੂ ਸੀ ।
ਹਸਤੀ ਓਸਦੀ 'ਰਾਮ' ਤੋਂ ਵੱਖ ਨਹੀਂ ਸੀ,
ਰਹਿੰਦਾ 'ਰਾਮ' ਦੇ ਸੰਗ ਉਹ ਸਤਿਗੁਰੂ ਸੀ ।
ਉਹਦੇ ਕੋਲ ਸੀ ਨਾਮ ਦਾ ਮੈਖਾਨਾ,
ਚੜ੍ਹਿਆ ਰਹਿੰਦਾ ਸੀ ਨਾਮ ਸਦਾ ਸਰੂਰ ਉਸਨੂੰ ।
ਤੜਕੇ ਉਠਕੇ ਓਸ ਪਰਮਾਤਮਾ ਦਾ,
ਹੁੰਦਾ ਵੇਖਿਆ ਸਦਾ ਮਸ਼ਕੂਰ ਉਸਨੂੰ ।

ਪੱਲਾ ਨਿਮਰਤਾ ਦਾ ਕਦੇ ਛਾਡਿਆ ਨਹੀਂ,
ਸੇਵਾ ਸਿਮਰਨ ਵਿਚ ਸਮਾਂ ਗੁਜ਼ਾਰਿਆ ਏ ।
ਕਾਮ ਕਰੋਧ ਉਤੇ ਕਾਬੂ ਪਾਈ ਰਖਿਆ,
ਲੋਭ ਮੋਹ ਹੰਕਾਰ ਨੂੰ ਮਾਰਿਆ ਏ ।
ਨਿੱਜੀ ਭਲੇ ਦੀ ਨਹੀਂ ਪਰਵਾਹ ਕੀਤੀ,
ਉਹਨੇ ਵਿਸ਼ਵ ਦਾ ਭਲਾ ਵਿਚਾਰਿਆ ਏ ।
ਸਬਕ ਏਕਤਾ ਅਤੇ ਪਿਆਰ ਵਾਲਾ,
ਸਾਰੀ ਦੁਨੀਆ ਦੇ ਵਿਚ ਖਿਲਾਰਿਆ ਏ ।
ਮੈਨੂੰ ਫਰਕ ਨਹੀਂ ਦਿਸਦਾ ਜ਼ਰਾ ਜਿੰਨਾ,
ਉਹੋ ਰੌਸ਼ਨੀ ਚਮਕਦੀ ਜਾਪਦੀ ਹੈ ।
ਸਤਿਗੁਰੂ ਜਗਜੀਤ ਦੀ ਰੂਹ ਅੰਦਰ,
ਜਗਦੀ ਜੋਤ ਸਤਗੁਰੂ ਪਰਤਾਪ ਦੀ ਹੈ ।



Namdhari Elibrary NamdhariElibrary@gmail.com

# ਤੇਰਾ ਉਪਕਾਰ

## ਪ੍ਰੀਤਮ ਸਿੰਘ ਕਵੀ

ਕਿਵੇਂ ਸੈਂ ਤੂੰ ਚੁੱਪ-ਗੁੱਪ, ਸੁੰਨ-ਮੁੰਨ, ਮਹਾਂ ਸੁੰਨ,
ਕਿੰਨੇ ਜੁਗ ਰੱਖਿਆ ਤੂੰ ਮਹਾਂ ਧੁੰਧੂਕਾਰ ਏ ।
ਕਿਵੇਂ ਬ੍ਰਹਮੰਡ, ਖੰਡ, ਪਿੰਡ, ਬਿੰਦ ਜਿੰਦ ਬਿਨ,
ਕੱਲੇਕਾਰੇ ਰਹਿ ਕੇ ਅਖਵਾਇਆ ਨਿਰੰਕਾਰ ਏ ।
ਕਿਵੇਂ ਜੀਅ ਉਦਾਸ ਹੋਇਆ, ਜਾਂ ਕੋਈ ਹੁਲਾਸ ਆਇਆ,
ਮਾਇਆ ਰਚ, ਦੋਹਾਂ ਮਿਲ, ਕੀਤਾ ਇਹ ਪਸਾਰ ਏ ।
ਇਹ ਤਾਂ ਤੂੰ ਹੀਂ ਜਾਣਦਾ ਹੈਂ, ਸਾਨੂੰ ਪਰ ਖੁਸ਼ੀ ਇਹ ਹੈ,
ਸ੍ਰਿਸ਼ਟੀ ਰਚਾਣਾ ਤੇਰਾ ਬੜਾ ਉਪਕਾਰ ਏ ।

ਜਲ ਥਲ, ਵਣ ਤ੍ਰਿਣ, ਜੀਵ, ਜੰਤ, ਨਰ ਨਾਰ,
ਕਦੋਂ ਸਾਈ ਸਾਜੇ ਇਹ ਤਾਂ ਤੈਨੂੰ ਹੀ ਵਿਚਾਰ ਏ ।
ਅੱਗ, ਪੌਣ, ਪਾਣੀ ਤੇ ਅਕਾਸ਼, ਮਿੱਟੀ ਕਰ ਕੱਠੇ,
ਵੰਨਾਂ ਵੰਨੀਂ ਘੜੇ ਭਾਂਡੇ ਪੇਸ਼ਾ ਜਿਉਂ ਘੁਮਾਰ ਏ ।
ਚੰਨ ਅਤੇ ਸੂਰਜ ਬਣਾਏ ਰਾਤ ਦਿਨ ਨਾਲ,
ਕਿੰਨੀ ਚਤੁਰਾਈ ਸੰਗ ਕੀਤਾ ਤੂੰ ਸ਼ਿੰਗਾਰ ਏ ।
ਦੇਖ ਦੇਖ ਲੀਲ੍ਹਾ ਕਾਇਨਾਤ ਦੇ ਨਜ਼ਾਰਿਆਂ 'ਚ,
ਮੇਰਾ ਮਨ ਨਿਵੇਂ, ਜਾਣ ਤੇਰਾ ਉਪਕਾਰ ਏ ।

ਭਲੇ ਬੁਰੇ, ਚੰਗੇ ਮੰਦੇ, ਦੁਖ ਸੁਖ, ਦੇਵ ਦੈਂਤ,
ਰਚਕੇ ਬੇਅੰਤ, ਮੁੜ ਆਪੇ ਲਏਂ ਸਾਰ ਏ ।
ਦੇਵਤੇ ਉਬਾਰਨੇ ਤੇ ਦੁਸ਼ਟ ਸੰਘਾਰਨੇ ਨੂੰ,
ਏਸ ਘਮਸਾਨੀਂ ਪਇਓਂ, ਆਪ, ਨੀਤ ਧਾਰ ਏ ।



Namdhari Elibrary NamdhariElibrary@gmail.com

ਆਪੇ ਛੇੜ ਛੇੜ ਕੇ, ਅਨੇਕ ਅਵਤਾਰ ਧਾਰ,
ਨਿੱਤ ਰਹਿਓਂ ਆਉਂਦਾ, ਤੈਨੂੰ ਸਾਡੇ ਨਾਲ ਪਿਆਰ ।
ਅੱਜ ਤੀਕ ਜਿੰਨੀ ਵਾਰ ਨੇਕੀ ਫ਼ਤਹਯਿਾਬ ਹੋਈ,
ਤੈਰਾ ਹੀ ਕਰਿਸ਼ਮਾ ਤੇ ਤੇਰਾ ਉਪਕਾਰ ਏ ।

ਕੀ ਕੀ ਤੇਰੇ ਨਾਮ ਗਿਣਾਂ ਦੇਸਾਂ ਪਰਦੇਸਾਂ ਵਿਚ,
ਸ਼ਕਲਾਂ ਵਟਾਂਦਾ ਆਉਂਦਾ ਰਿਹੋਂ ਬਾਰ ਬਾਰ ਏ ।
ਉਹਨਾਂ ਤੈਨੂੰ ਜਾਣਿਆਂ, ਸੁਜਾਨ ਕੀਤਾ ਜਿਨ੍ਹਾਂ ਨੂੰ ਤੂੰ,
ਓਹੀ ਮਾਣ ਸਕੇ ਜਿਨ੍ਹਾਂ ਪ੍ਰੇਮ ਵਾਲੀ ਤਾਰ ਏ ।
ਉਹਨਾਂ ਤੈਨੂੰ ਦੇਖਿਆ, ਸੀ ਜਿਨ੍ਹਾਂ ਨੂੰ ਤੂੰ ਨੀਝ ਦਿੱਤੀ,
ਉਨ੍ਹੀਂ ਲੜ ਲਾਇਆ ਜਿਨ੍ਹਾਂ ਸੇਵਿਆ ਅਪਾਰ ਏ ।
ਕਪਟੀ, ਕਸਾਈਆਂ, ਦੁਰਾਚਾਰੀਆਂ, ਦਰੋਹੀਆਂ ਤਾਈਂ,
ਦਿੰਨਾਂ ਏਂ ਬਖ਼ਸ਼, ਪ੍ਰਭੂ ਤੇਰਾ ਉਪਕਾਰ ਏ ।

ਵਗੀਆਂ ਹਨ੍ਹੇਰੀਆਂ ਕਈ ਤੇਰਿਆਂ ਪਿਆਰਿਆਂ ਤੇ,
ਕੀਤੀਓ ਈ ਰੱਖਿਆ ਤੂੰ ਆਪ ਜਾਨ ਵਾਰ ਏ ।
ਕਿਹੜੇ ਕਿਹੜੇ ਗਿਣੇ ਅਵਤਾਰ ਇਹ ਨਿਤਾਣਾ ਕਵੀ,
ਤੁਰੇ ਤੁਰੇ ਜਾਂਦਿਆਂ ਵੀ ਭੁਲਿਓਂ ਨ ਕਾਰ ਏ ।
ਦੇ ਕੇ ਜਗਜੀਤ ਦੀ ਪ੍ਰੀਤੀ ਪ੍ਰਤੀਕ ਰੀਤ,
ਤੋੜ ਤੂੰ ਨਿਭਾਈ, ਵਿਪਰੀਤ ਨ ਵਿਹਾਰ ਏ ।
ਮਹਾਂ ਪਰਤਾਪੀ ਪਰਤਾਪ ਸਿੰਘ ਸਤਿਗੁਰੂ ਜੀ,
ਸਾਨੂੰ ਨ ਭੁਲਾਣਾ, ਇਹ ਵੀ ਤੇਰਾ ਉਪਕਾਰ ਏ ।

ਇੱਕੋ ਅਰਦਾਸ ਤੇਰੇ ਪਾਸ, ਮੇਰੀ ਸੁਆਸ ਸੁਆਸ,
ਰਵ੍ਹੇ ਰਾਸ ਪੱਲੇ ਜਿਹੜੀ ਦੇਗਿਓਂ, ਪਿਆਰ ਏ ।
ਉਸੇ ਭਰਵਾਸੇ, ਹੋਰ ਪਾਸੇ ਨ ਮੈਂ ਮੂਲ ਤੱਕਾਂ,
ਏਸੇ ਆਸ ਜੀਵਾਂ ਜਿਹੜਾ ਮਿੱਠੜਾ ਅਧਾਰ ਏ ।
ਮੀਤ ਜਗਜੀਤ ਸਤਿਗੁਰੂ ਨਾਲ ਪ੍ਰੀਤ ਨਿਭੇ,
ਉੱਚੇ ਨੀਵੇਂ ਅਮਲਾਂ 'ਚ ਰਹੇ ਇਕਸਾਰ ਏ ।
ਇਹ ਵੀ ਅਰਦਾਸ ਕੀਤੀ ਤੇਰੀ ਕਰਵਾਈ ਹੋਈ,
ਸੱਚੀਂ ਮੁੱਚੀਂ ਮੇਰੇ ਉਤੇ ਤੇਰਾ ਉਪਕਾਰ ਏ ।



Namdhari Elibrary NamdhariElibrary@gmail.com

## ਹਰਿ ਜੂ ਹਰਿਮੰਦਰ ਆਵਹਿੰਗੇ

**ਡਾ. ਹਰਿਭਜਨ ਸਿੰਘ**

ਪ੍ਰਭ ਜੀ ਤੁਰ ਗਿਆਂ ਨੂੰ ਲੰਮਾ ਕਾਲ ਵਿਹਾਇਆ
ਮੁੜ ਆਵਣ ਦਾ ਕਿਉਂ ਵੇਲਾ ਅਜੇ ਨ ਆਇਆ
ਹੈ ਚਾਤਕ ਸ੍ਵਾਂਤੀ ਲਈ ਤਿਰਹਾਇਆ
ਪ੍ਰਭ ਜੀ ਕਦ ਆ ਕੇ ਸਾਡੀ ਦਰਸ਼ਨ-ਪਿਆਸ ਬੁਝਾਵਹਿੰਗੇ

ਪ੍ਰਭ ਜੀ ਕਰੜਾ ਹੈ ਬਿਰਹੋਂ-ਚੋਟ ਨੂੰ ਜਰਨਾ
ਬਿਰਹੋਂ ਤੋਂ ਕਿਤੇ ਸੁਖਾਲਾ ਪ੍ਰਭ ਜੀ ਮਰਨਾ
ਤੇਰੇ ਬਿਨ ਜੀ ਕੇ ਮਸਤਾਨੇ ਕੀ ਕਰਨਾ
ਇਸ ਮਸਤਾਨੇ ਨੂੰ ਕਦੋਂ ਪਿਤਾ ਆਪਣੇ ਗਲ ਲਾਵਹਿੰਗੇ

ਤੇਰੇ ਬਿਨ ਸਤਿਗੁਰ ਜਾਪ ਤਿਰਾ ਨਿਤ ਜਪੀਏ
ਇਹ ਵਿਛੜਣ ਹੈ ਸੰਤਾਪ ਦ੍ਵਿਦੇ ਵਿਚ ਤਪੀਏ
ਸ੍ਰਾਪ ਵਿਛੋੜਾ ਲਗਾਏ ਅਤੇ ਕਲਪੀਏ
ਇਸ ਪਾਪ-ਸ੍ਰਾਪ ਤੋਂ ਆਖਰ ਸਾਨੂੰ ਕਦੋਂ ਛੁਡਾਵਹਿੰਗੇ

ਜਿਸ ਦੇਸ ਬਦਰ ਕੀਤਾ ਉਹ ਮਰੇ ਬਿਦੇਸੀ
ਤੇਰੇ ਬਿਨ ਸਤਿਗੁਰ ਦੇਸ ਅਸੀਂ ਪਰਦੇਸੀ
ਦੁਖੀਆਂ ਦੀ ਹਾਲਤ ਕਰੋ ਨ ਇਉਂ ਅਨਦੇਖੀ
ਕਦ ਜਗਤ ਜਲੰਦਾ ਮਹਾ ਅਗਨ ਵਿਚ ਸ਼ਾਂਤ ਕਰਵਾਹਿੰਗੇ

ਦੁਖੀਆ ਤੇਰੇ ਬਿਨ ਦੇਸ ਤੇਰਾ ਪੰਜਾਬੀ
ਦਿਨ ਦੀਵ੍ਹੀਂ ਡਾਕੇ ਲੁਟਮਾਰ ਬਰਬਾਦੀ



Namdhari Elibrary NamdhariElibrary@gmail.com

ਸਤਿਗੁਰ ਆਵੋ ਤੇ ਸੰਕਟ ਹਰੋ ਸ਼ਤਾਬੀ
ਮੁੜ ਕੌਣ ਤਿਰੇ ਬਿਨ ਕਲਿਜੁਗ ਵਿਚ ਸਤਿਜੁਗ ਵਰਤਾਵਹਿੰਗੇ

ਤੇਰੇ ਬਿਨ ਭਾਵੇਂ ਭੈਣੀ ਵਿਚ ਕੋਈ ਭੇ ਨਈਂ
ਦਿਲ ਦੁਖਦਾ ਤਾਂ ਵੀ ਇਸ ਨਗਰੀ ਤੂੰ ਹੈ ਨਈਂ
ਜੈਕਾਰੇ ਹਨ ਪਰ ਸਚੀਂ ਮੁਚੀਂ ਦੀ ਜੈ ਨਈਂ
ਮੁੜ ਇਸ ਨਗਰੀ ਜੈ-ਜੋਤ ਪਵਿੱਤਰ ਕੌਣ ਜਲਾਵਹਿੰਗੇ

ਜਦ ਰਾਤ ਹਨੇਰੀ ਬੂਹੇ ਦਸਤਕ ਹੋਏ
ਇਉਂ ਜਾਪੇ ਸਤਿਗੁਰ ਆਏ ਬਾਹਰ ਖਲੋਏ
ਜੀ ਚਾਹੇ ਵੇਖਾਂ ਸਤਿਗੁਰ ਜਾ ਕੇ ਲੋਏ
ਕਦ ਮੇਰੇ ਸੁਪਨੇ ਸੱਚੇ ਤੇ ਪਰਤਖ ਹੋ ਜਾਵਹਿੰਗੇ

ਹੈ ਆਸ ਸਤਿਗੁਰੂ ਓੜਕ ਨੂੰ ਆ ਜਾਣਾ
ਵਿਸ਼ਵਾਸ ਕਿ ਸਾਨੂੰ ਹਰਗਿਜ਼ ਨਹੀਂ ਭੁਲਾਉਣਾ
ਇਹ ਦਰਦ ਵਿਛੋੜਾ ਦੋ ਦਿਨ ਹੋਰ ਪਰਾਹੁਣਾ
ਫਿਰ ਜੋਗ ਔਰ ਸੰਜੋਗ ਮਿਲਹਿੰਗੇ ਰਾਸ ਰਚਾਵਹਿੰਗੇ



Namdhari Elibrary NamdhariElibrary@gmail.com

## ਗੁਰ ਪਰਤਾਪ ਸਿੰਘ

**ਡਾ. ਹਰਿਭਜਨ ਸਿੰਘ**

ਧਰਮੀਆਂ ਧਰਵਾਸ ਗੁਰ ਪਰਤਾਪ ਸਿੰਘ
ਦੀਨ ਦੁਖੀਆਂ ਪਾਸ ਗੁਰ ਪਰਤਾਪ ਸਿੰਘ

ਜਿਸ ਸਮੇਂ ਹੋਇਆ ਤਿਰਾ ਅਵਤਾਰ ਸੀ
ਆਪ ਬੂਹੇ ਤੇ ਖੜੀ ਸਰਕਾਰ ਸੀ
ਕੰਸ ਹੀ ਖ਼ੁਦ ਆਪ ਪਹਿਰੇਦਾਰ ਸੀ
ਬਾਲ ਖਾਸ-ਉਲ-ਖਾਸ ਗੁਰ ਪਰਤਾਪ ਸਿੰਘ

ਧਰਮ-ਧ੍ਵਜ ਦੇ ਰਾਖਿਆ ਰਖਵਾਲਿਆ
ਕਲਿਜੁਗੀ ਪਹਿਰੇ ਤੂੰ ਸਤਿਜੁਗ ਪਾਲਿਆ
ਨਾਮ ਜਪਿਆ ਨਾਮ ਹੀ ਜਪਵਾਲਿਆ
ਨਾਮ ਵੱਖਰ ਰਾਸ ਗੁਰ ਪਰਤਾਪ ਸਿੰਘ

ਦੇਸ ਖ਼ਾਤਰ ਤੂੰ ਸਦਾ ਲੜਦਾ ਰਿਹਾ
ਦੇਸ-ਭਗਤਾਂ ਸੰਗ ਤੂੰ ਖੜ੍ਹਦਾ ਰਿਹਾ
ਤੂੰ ਫਿਰੰਗੀ ਨਾਲ ਨਿਤ ਅੜਦਾ ਰਿਹਾ
ਦ੍ਰਿੜ੍ਹ ਤਿਰਾ ਵਿਸ਼ਵਾਸ ਗੁਰ ਪਰਤਾਪ ਸਿੰਘ

ਬੋਲ ਤੇਰਾ ਭਾਰਤੀ ਸੰਗੀਤ ਸੀ
ਰਾਗ ਦਾ ਸੁਰ ਤਾਲ ਨਾਲੇ ਗੀਤ ਸੀ
ਕੀਰਤਨ ਦੇ ਨਾਲ ਤੇਰੀ ਪ੍ਰੀਤ ਸੀ
ਕੀਰਤਨ ਹਰ ਸ੍ਵਾਸ ਗੁਰ ਪਰਤਾਪ ਸਿੰਘ



Namdhari Elibrary NamdhariElibrary@gmail.com

ਤੇਰੇ ਘਰ ਨਿਤ ਗਊ ਦਾ ਸਨਮਾਨ ਸੀ
ਗਊ ਦੀ ਰਖਿਆ ਤਿਰਾ ਈਮਾਨ ਸੀ
ਗਊ ਤੇਰੀ ਜਾਨ ਜਿੰਦ ਪਰਾਣ ਸੀ
ਗਊ ਗ਼ਰੀਬੀ ਆਸ ਗੁਰ ਪਰਤਾਪ ਸਿੰਘ

ਧਰਮ ਦੀ ਅਜ ਕਲ ਹੋਈ ਵਡ ਹਾਣ ਹੈ
ਦੇਸ ਵੀ ਭਗਤੀ ਬਿਨ ਵੀਰਾਨ ਹੈ
ਕੀਰਤਨ ਸੰਗੀਤ ਬਿਨਾ ਬੇਜਾਨ ਹੈ
ਇਕ ਤਿਰਾ ਭਰਵਾਸ ਗੁਰ ਪਰਤਾਪ ਸਿੰਘ

ਧਰਮੀਆਂ ਧਰਵਾਸ ਗੁਰ ਪਰਤਾਪ ਸਿੰਘ
ਦੀਨ ਦੁਖੀਆ ਪਾਸ ਗੁਰ ਪਰਤਾਪ ਸਿੰਘ



Namdhari Elibrary NamdhariElibrary@gmail.com

## ਸਜ਼ਾ ਕਿੰਨੀ ਕੁ ਬਾਕੀ ਹੈ ?

**ਤਾਰਾ ਸਿੰਘ**

ਜਿਨ੍ਹਾਂ ਦੇ ਕੱਦ ਛੋਟੇ ਸੀ
ਉਨ੍ਹਾਂ ਨੇ ਚਾਰ ਇੱਟਾਂ ਰਖੀਆਂ ਪੈਰਾਂ ਤਲੇ
ਤੇ ਹੋ ਗਏ ਬਾਲਗ।

ਤੇਰੇ ਦਰ ਤੇ ਕੁਵੇਲੇ ਪਹੁੰਚਿਆ ਸਾਂ
ਉਦੋਂ ਤੂੰ ਕੁੱਲ ਖੁਸ਼ੀਆਂ, ਅੰਮ੍ਰਿਤਾਵਾਂ ਵੰਡ ਚੁੱਕਿਆ ਸੀ।
ਚਲੋ ! ਪੱਛੜ ਕੇ ਆਇਆ ਸਹੀ,
ਮੈਂ ਤੇਰੇ ਦੁਆਰ ਆਇਆ ਸਾਂ।

ਤੂੰ ਮੇਰੀ ਪੱਛੜੀ ਕਿਸਮਤ, ਨਾਬਾਲਗ ਬੁੱਧ ਨੂੰ ਤਾਂ ਵੀ—
ਕੋਈ ਵਰਦਾਨ ਦਿੱਤਾ ਸੀ।
ਮੇਰੀ ਨਾਬਾਲਗੀ ਉਤੇ ਹੀ ਤੈਨੂੰ ਤਰਸ ਆਇਆ ਸੀ।

ਤੂੰ ਹੀ ਤਾਂ ਆਖਿਆ ਸੀ—
ਬੁੱਧ, ਬੁੱਤ, ਬਾਲਗ ਬਣਾ ਕੇ ਰੱਖ,
ਮੈਂ ਮੁੜ ਕੇ ਫੇਰ ਆਵਾਂਗਾ।
ਅਜੇ ਉਡਦੇ ਲਹੂ ਦੇ ਛਿੱਟਿਆਂ ਗੁਲਜ਼ਾਰ ਹੋਣਾ ਹੈ।
ਅਜੇ ਭਖਦੀ ਨਾਬਾਗ਼ ਰੁੱਤ ਨੇ ਹੁਸ਼ਿਆਰ ਹੋਣਾ ਹੈ।
ਅਜੇ ਪੱਛੜੀ ਹੋਈ ਕਿਸਮਤ ਨੇ ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਮੈਂ ਮੁੜ ਕੇ ਫੇਰ ਆਵਾਂਗਾ।
ਮੈਂ ਇਹ ਤਾਂ ਜਾਣਦਾ ਹਾਂ—



Namdhari Elibrary NamdhariElibrary@gmail.com

ਮੈਂ ਤੇਰੇ ਦਰ ਤੇ ਅਜੇ ਪਰਵਾਨ ਹੋਣਾ ਹੈ।

ਤੇਰੀ ਗੜ-ਬੈਲ ਜਿੱਧਰ ਤੁਰ ਗਈ ਹੈ—
ਉਸੇ ਪਾਸੇ ਮੇਰੀ ਨਾਬਾਲਗ਼ੀ ਹੈ
ਮੈਂ ਉਸ ਪਾਸੇ ਵੀ ਤੇਰੇ ਹਾਣ ਹੋਣਾ ਹੈ।

ਮੈਂ, ਅੰਮ੍ਰਿਤਸਰ ਸਰੋਵਰ ਦੇ ਜਦੋਂ ਸ਼ੀਸ਼ੇ ਨੂੰ ਤੱਕਦਾ ਹਾਂ
ਤਾਂ ਇਸ ਵਿਚ ਵੀ ਮੇਰਾ ਚਿਹਰਾ ਨਹੀਂ ਹੁੰਦਾ।
ਤੇ ਰਕੱੜ ਦੇ ਭਰੇ ਮਜਮੇ 'ਚ ਵੀ—
ਨਾਬਾਲਗ਼ੀ ਸਹਿਮੀ ਹੋਈ ਹੈ—ਚੁੱਪ ਬੈਠੀ ਹੈ।

ਤੁਸੀਂ ਜਾਂਦੇ ਹੋਏ ਕੁਝ ਕਹਿ ਗਏ ਸੀ—
ਅਜੇ ਪੱਛੜੀ ਹੋਈ ਕਿਸਮਤ ਨੇ—
ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਅਜੇ ਉਡਦੇ ਲਹੂ ਦੇ ਛਿੱਟਿਆਂ ਗੁਲਜ਼ਾਰ ਹੋਣਾ ਹੈ।
ਅਜੇ ਭੱਖਦੀ ਨਾਬਾਲਗ ਰੁੱਤ ਨੇ ਹੁਸ਼ਿਆਰ ਹੋਣਾ ਹੈ
ਮੈਂ ਮੁੜ ਕੇ ਫੇਰ ਆਵਾਂਗਾ।
ਮੈਂ ਮੁੜ ਕੇ ਫੇਰ ਆਵਾਂਗਾ।



Namdhari Elibrary NamdhariElibrary@gmail.com

# ਵੱਡ ਪਰਤਾਪੀ ਦੀ

**ਤਾਰਾ ਸਿੰਘ ਅਨਜਾਣ**

ਦੇਸ ਦੀ ਆਜ਼ਾਦੀ ਬਰਬਾਦੀ
ਵਿਚ ਵੱਟ ਗਈ,
ਲੱਗੀ ਜਾਂ ਸੁਆਦੀ ਸਾਨੂੰ
ਮਿੱਤਰਾਂ ਦੀ ਰੱਤ ਸੀ।
ਪਾੜੋ ਅਤੇ ਰਾਜ ਕਰੋ
ਹਾਕਮਾਂ ਦੀ ਨੀਤ ਮਾੜੀ,
ਲਾਲਚ, ਜਗੀਰਾਂ ਦੇ ਕੇ
ਮਾਰੀ ਸਾਡੀ ਮੱਤ ਸੀ।
ਏਕਤਾ ਦੀ ਕੰਧ ਸਾਰੀ,
ਖੋਰਾ ਖੋਰਾ ਹੋ ਕੇ ਡਿੱਗੀ
ਕੌਣ ਮੁੜ ਕੇ ਉਸਾਰੇ,
ਕਿਹਦੇ ਵਿਚ ਸਤ ਸੀ ?
ਬੀੜਾ ਉਠਾਇਆ, ਨਾਲ
ਹਿੰਦੀਆਂ ਨੂੰ ਲਾਇਆ,
ਨਾਲੇ ਲਾਲਚ ਗੁਲਾਮੀ ਨੂੰ ਚਾ
ਮਾਰੀ ਉਹਨਾਂ ਲੱਤ ਸੀ।
ਗੋਰੇ ਨੇ ਉਸਾਰੀ ਸਾਰੀ
ਮੂਲੋਂ ਹੀ ਰੋਕਣੇ ਲਈ
ਭੇਜੀ ਅਸਵਾਰੀ
ਬਰਮ੍ਹਾ, ਏਕਤਾ-ਅਲਾਪੀ ਦੀ।
ਰਾਮ ਪਿਛੋਂ ਹਰੀ, ਲਾਲ, ਜੀਵਨ
ਸਿਖਾਇਆ ਜੀਣਾ



Namdhari Elibrary NamdhariElibrary@gmail.com

ਦਿਲੋਂ ਨਾ ਭੁਲਾਓ ਯਾਦ
ਵੱਡ ਪਰਤਾਪੀ ਦੀ ।

ਸੰਮਤ ਛਿਆਲੀ ਜੋ
ਸੁਆਲੀ ਆਇਆ ਭੈਣੀ ਵਿਚ,
ਗਿਆ ਨਾਹੀਂ ਖਾਲੀ ਰਾਮ
ਹਰੀ ਦਰਬਾਰ 'ਚੋਂ ।
ਚੇਤ ਵਦੀ ਤੀਜ ਗਈ
ਦੁਨੀਆ ਪਤੀਜ ਸਾਰੀ
ਖ਼ੁਸ਼ੀ ਵੰਡੀ ਕੂਕਿਆਂ ਨੂੰ,
ਖ਼ੁਸ਼ੀ ਦੇ ਭੰਡਾਰ 'ਚੋਂ ।
ਭੈਣੀ ਚੰਨ ਚੜ੍ਹੇ ਨੂੰ ਤਾਂ
ਚੰਨ ਝੀਥਾਂ ਵਿਚੋਂ ਤੱਕੇ,
ਭੌਰੇ ਲਟਬੌਰੇ ਲੈਂਦੇ ।
ਖੇੜਾ ਨੇ ਬਹਾਰ 'ਚੋਂ ।
ਕੋਇਲਾਂ ਤੇ ਬੁਲਬੁਲਾਂ
ਪਿੱਛੇ ਮੂਲ ਰਹੀਆਂ ਨਾ, ਹੀਂ
ਉਹਨਾਂ ਵੀ ਤਾਰ ਛੇੜੀ
ਰਾਗ ਮਲਹਾਰ 'ਚੋਂ ।
ਰਾਖਾ ਰਾਮ—ਖੇਤੀ ਸੰਦਾ
ਆ ਗਿਆ ਜਹਾਨ ਵਿਚ
ਇਹੋ ਹੀ ਮਹਾਰਨੀ ਸੀ,
ਸਾਂਤ ਹਰੀ ਜਾਪੀ ਦੀ ।

ਜ਼ੱਰਾ ਜ਼ੱਰਾ ਜਿਨ੍ਹੇ ਜ਼ਰਾ
ਪੂਜਣੋਂ ਨਾ ਉੱਕਿਆ ਏ,
ਦਿਲੋਂ ਨਾ ਭੁਲਾਓ ਯਾਦ
ਵੱਡ ਪਰਤਾਪੀ ਦੀ ।

ਬਾਈਕਾਟ ਜਾਰੀ ਰੱਖ
ਏਕਤਾ ਦੀ ਰੀਤ ਤੋਰੀ,
ਟੁੰਬ ਟੁੰਬ ਕਿਹਾ ਉਸ
ਅਣਖ ਨੂੰ ਜਗੌਣਾ ਏਂ ।
ਕੂੰਜਾਂ ਡਾਰ ਵਿਚੋਂ ਬਾਹਰ,



Namdhari Elibrary NamdhariElibrary@gmail.com

ਵਾਰ ਵਾਰ ਜਾਣ ਨਾਹੀਂ,
ਡਾਰ ਦੀ ਸੰਭਾਲ ਲਈ,
ਹਰ ਤ੍ਰਾਣ ਲੋਣਾ ਏਂ।
ਦਸ ਬਾਰਾਂ ਵਾਲਾ ਭੇਦ
ਏਕੇ ਲਈ ਦੂਰ ਕੀਤਾ,
ਸਾਡੇ ਸੁਖ ਉਸ ਲਈ
ਫੁੱਲਾਂ ਦਾ ਵਿਛੋਣਾ ਏਂ।
ਸਾਡੀ ਭੂਮੀ ਸਾਡਾ ਦੇਸ,
ਸਾਡਾ ਰਾਜ ਹੀ ਹਮੇਸ਼,
ਹੋਏ ਸਾਡੇ ਦੇਸ ਉੱਤੇ
ਰੱਜ ਕੇ ਤਾਂ ਸੋਣਾ ਏਂ।
ਹਰ 'ਅਨਜਾਣ' ਸਵੈਮਾਨ
ਨੂੰ ਪਛਾਣ ਲਿਆ,
ਸਾਰੀ ਹੀ ਬਰਕਤ ਸੀ
ਉਸੇ ਦੀ ਹੀ ਥਾਪੀ ਦੀ
ਦੇਸ ਦੀ ਆਜ਼ਾਦੀ ਲੈ ਕੇ,
ਸਾਦੀ ਰੀਤ ਨਾਲ ਦਿੱਤੀ
ਦਿਲੋਂ ਨਾ ਭੁਲਾਓ ਯਾਦ
ਵੱਡ ਪਰਤਾਪੀ ਦੀ।



Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸਰਧਾਂਜਲੀ-ਕਾਵਿ ਦਾ ਜਨਮ ਮਨੁੱਖੀ ਸੋਚ ਦੀ ਉਤਪਤੀ ਦੇ ਨਾਲ ਹੀ ਹੋ ਗਿਆ ਸੀ। ਜਦੋਂ ਮਨੁੱਖ ਨੇ ਅੱਖ ਖੋਲ੍ਹੀ ਤੇ ਆਕਾਸ਼ ਤੋਂ ਵਰਖਾ ਦੀਆਂ ਬੂੰਦਾਂ ਉੱਤਰਦੀਆਂ ਤੱਕੀਆਂ, ਸੂਰਜ ਦੀਆਂ ਕਿਰਨਾਂ ਤੋਂ ਨਿੱਘ ਅਨੁਭਵ ਕੀਤਾ, ਅਤੇ ਬਿਛਾਂ ਤੋਂ ਫਲ ਫੁਲ ਕਿਰਦੇ ਤੱਕੇ, ਤਾਂ ਉਸ ਨੇ ਝਟ ਹੀ ਪਰਵਾਨ ਕਰ ਲਿਆ ਕਿ ਦੈਵੀ ਸ਼ਕਤੀ ਉੱਪਰ ਵਲ ਹੈ। ਪਰ ਉਹ ਤਾਂ ਅਪਹੁੰਚ ਸੀ। ਇਸ ਲਈ ਮਨੁੱਖ ਸ਼ਰਧਾ ਨਾਲ ਖੀਵਾ ਹੋ ਗਿਆ ਤੇ ਉਸ ਨੇ ਉਸ ਦੈਵੀ ਸ਼ਕਤੀ ਦਾ ਸੋਹਲਾ ਗੁਣਗੁਣਾਇਆ।

ਸ਼ਰਧਾਂਜਲੀ-ਕਾਵਿ ਭਾਰਤ ਵਿਚ ਅਮੀਰ ਪਰੰਪਰਾ ਵਾਲਾ ਕਾਵਿ ਹੈ ਤੇ ਅਜੇ ਤੀਕ ਉਸ ਦੀਆ ਕਾਵਿ-ਬਾਰੀਕੀਆਂ ਤੇ ਖੂਬੀਆਂ ਨੂੰ ਪੁੱਜਣਾ ਮੁਸ਼ਕਲ ਬਣਿਆ ਹੋਇਆ ਹੈ।

ਇਹ ਪੁਸਤਕ ਵੀ ਸ਼ਰਧਾਂਜਲੀ-ਕਾਵਿ ਦੇ ਹੀ ਜ਼ੁਮਰੇ ਵਿਚ ਆਉਂਦੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੀ ਮਹਾਨ ਕੀਰਤੀ, ਸ਼ਖ਼ਸੀਅਤ ਅਤੇ ਉਹਨਾਂ ਦੇ ਸਮਾਜ ਤੇ ਰੂਹਾਨੀਅਤ ਲਈ ਪਾਏ ਪੂਰਨਿਆਂ ਦਾ ਇਸ ਵਿਚ ਭਰਪੂਰ ਵਰਨਣ ਹੈ। ਉਸ ਮਹਾਨ ਸ਼ਖ਼ਸੀਅਤ ਨੂੰ ਸਮੁੱਚੇ ਤੌਰ ਤੇ ਸੋਚ-ਵਲਗਣ ਵਿਚ ਲੈਣਾ ਤਾਂ ਅਸੰਭਵ ਹੈ, ਪਰ ਉਨ੍ਹਾਂ ਦਾ ਜੱਸ-ਗਾਇਨ ਕਰਨ ਦਾ ਜਤਨ ਜ਼ਰੂਰ ਪ੍ਰਸੰਸਾ ਦਾ ਹੱਕਦਾਰ ਹੈ।

Namdhari Elibrary NamdhariElibrary@gmail.com